# ਗੁਲਾਬੀ ਪੱਗ

**(ਝਾਕੀ ਪਹਿਲੀ)**

ਡੂੰਘੀ ਸ਼ਾਮ ਦਾ ਵੇਲਾ। ਮਹਿੰਦਰ ਕੌਰ ਮੰਜੇ 'ਤੇ ਬੈਠੀ ਕੋਈ ਕੱਪੜਾ ਸਿਉਂ ਰਹੀ ਹੈ। ਦੀਪੀ ਕੋਈ ਮੈਗਜ਼ੀਨ ਪੜ੍ਹ ਰਹੀ ਹੈ।

ਮਾਂ : ਹੁਣ ਤਾਂ ਦੀਪੀ, ਪਿੰਡ ਦੀਆਂ ਬਹੁਤ ਸਾਰੀਆਂ ਕੁੜੀਆਂ ਕਾਰਖਾਨੇ ਜਾਣ ਲੱਗ ਪਈਆਂ ਨੇ।

ਦੀਪੀ : ਹਾਂ ਮਾਂ, ਹੁਣ ਤਾਂ ਅਸੀਂ ਅੱਠ ਹੋ ਗਈਆਂ ਹਾਂ ਇਸ ਪਿੰਡ ਤੋਂ।

ਮਾਂ : ਜਦੋਂ ਤੂੰ ਕੰਮ ਸ਼ੁਰੂ ਕੀਤਾ ਸੀ ਤਾਂ ਕਿੰਨੀਆਂ ਗੱਲਾਂ ਬਣਾਈਆਂ ਸਨ ਲੋਕਾਂ ਨੇ।

ਦੀਪੀ : ਗੱਲਾਂ ਬਨਾਉਣ ਤੋਂ ਹੁਣ ਕਿਹੜਾ ਟੱਲਦੇ ਨੇ ? ਕੋਲੋਂ ਦੀ ਲੰਘੋ ਕੁਝ ਨਾ ਕੁਝ ਜ਼ਰੂਰ ਬਕਵਾਸ ਕਰਦੇ ਨੇ, ਪਰ ਅਸੀਂ ਨਹੀਂ ਪਰਵਾਹ ਕਰਦੀਆਂ।

ਮਾਂ : ਹਾਹੋ ਬੋਲਣ ਵਾਲਿਆਂ ਦੀ ਜ਼ਬਾਨ ਥੋੜ੍ਹਾ ਕੋਈ ਪਕੜ ਸਕਦੈ ?... ਹੁਣ ਤੂੰ ਕੰਮ ਲੱਗ ਗਈ ਏਂ, ਥੋੜ੍ਹਾ ਹੱਥ ਵੀ ਸੌਖਾ ਹੋ ਗਿਆ ਏ, ਭਿੰਦੀ ਨੂੰ ਪਤਾ ਨਹੀਂ ਕਦੋਂ ਕੋਈ ਕੰਮ ਮਿਲੇ, ਬਾਪੂ ਤੇਰਾ ਤਾਂ ਕਰਜ਼ਿਆਂ ਦੇ ਭਾਰ ਥੱਲੇ ਹਾਰ ਗਿਆ ਲੱਗਦਾ ਏ।

ਦੀਪੀ : ਤੂੰ ਮਾਂ ਫਿਕਰ ਨਾ ਕਰ, ਵੀਰੇ ਦਾ ਜਦੋਂ ਕੋਈ ਕੰਮ ਬਣ ਗਿਆ, ਸਭ ਠੀਕ ਹੋ ਜਾਏਗਾ।

ਮਾਂ : ਏਨਾ ਪੜ੍ਹਿਆ, ਸੋਲਾਂ ਜਮਾਤਾਂ ਕਹਿਣ ਦੀ ਗੱਲ ਹੁੰਦੀ ਏ ਤੇ ਕੋਈ ਕੰਮ ਨਾ ਮਿਲਣ ਕਰਕੇ ਹੀ ਹਰ ਵੇਲੇ ਬਸ ਸੋਚਾਂ ਵਿਚ ਗੁੰਮ ਰਹਿੰਦਾ ਏ।

ਦੀਪੀ : ਸੋਚਾਂ ਤਾਂ ਮਾਂ, ਉਸਨੂੰ ਹੋਰ ਨੇ, ਸਿਰਫ ਕੰਮ ਨਾ ਮਿਲਣ ਵਾਲੀ ਗੱਲ ਨਹੀਂ।

ਮਾਂ : ਹੋਰ ਕਾਹਦੀਆਂ ਸੋਚਾਂ ਨੇ, ਮੈਨੂੰ ਤਾਂ ਕੁਝ ਸਮਝ ਨਹੀਂ ਪੈਂਦੀ।

ਦੀਪੀ : ਸਮਝ ਤਾਂ ਮੈਨੂੰ ਵੀ ਨਹੀਂ ਪੈਂਦੀ, ਬਸ ਇਕ ਦਿਨ ਕਹਿਣ ਲੱਗਾ ਕਾਲਜ ਪੜ੍ਹਦਿਆਂ ਅਸੀਂ ਜਿਨ੍ਹਾਂ ਨੇ ਚੰਗੀ ਜ਼ਿੰਦਗੀ ਲਈ ਇਕੱਠੇ ਸੰਘਰਸ਼ ਲੜੇ, ਹੁਣ ਇਸ ਖਾਲਿਸਤਾਨੀ ਲਹਿਰ ਕਰਕੇ ਵੰਡੇ ਗਏ ਹਾਂ–ਤੇ ਇਹ ਨਿੱਤ ਦੇ ਕਤਲਾਂ ਦੀਆਂ ਖ਼ਬਰਾਂ ਵੀ ਉਹਨੂੰ ਦੁੱਖੀ ਕਰਦੀਆਂ ਨੇ।

ਮਾਂ : ਇਹ ਤਾਂ ਸਭ ਨੂੰ ਦੁੱਖੀ ਕਰਦੀਆਂ ਨੇ, ਪਰ ਕਿਸੇ ਦੇ ਵੱਸ ਦੀ ਗੱਲ ਥੋੜ੍ਹਾ ਰਹਿ ਗਈ ਏ ?

*(ਬਾਹਰੋਂ ਕਿਹਰ ਸਿੰਘ ਦੀ ਸ਼ਰਾਬੀ ਬੜਕ ਦੀ ਆਵਾਜ਼ ਆਉਂਦੀ ਹੈ–"ਕਰੇ ਤਾਂ ਕੋਈ ਮਾਈ ਦਾ ਲਾਲ ਮੇਰੇ ਸਾਹਮਣੇ ਗੱਲ। ਮੈਂ ਤਾਂ ਸਿਰ ਭੰਨ ਦਿਆਂਗਾ ਉਹਦਾ–ਬੂ–ਬੂ।")*

ਮਾਂ : ਲੈ ਹੁਣ ਤੇਰਾ ਬਾਪੂ ਪੀ ਕੇ ਆ ਗਿਆ ਏ, ਉਪੱਦਰ ਮਚਾਏਗਾ ਰਾਤ ਭਰ।

*(ਕਿਹਰ ਸਿੰਘ ਅੰਦਰ ਆਉਂਦਾ ਹੈ।)*

(ਕਿਹਰ ਸਿੰਘ ਨੂੰ) ਫੇਰ ਪੀ ਕੇ ਆ ਗਿਆ ਏਂ ?

ਕਿਹਰ ਸਿੰਘ : ਹਾਹੋ ਕੋਈ ਗੁਨਾਹ ਏ ?

ਮਾਂ : ਘਰ ਤੰਗੀ ਹੋਵੇ, ਕਰਜ਼ੇ ਦਾ ਬੋਝ ਸਿਰ 'ਤੇ ਹੋਵੇ ਤਾਂ ਇਹ ਗੁਨਾਹ ਈ ਏ।

ਕਿਹਰ ਸਿੰਘ : ਇਹ ਤੰਗੀ ਤਾਂ ਸਾਲੀ ਸਾਰੀ ਉਮਰ ਖਤਮ ਨਾ ਹੋਈ ਜਿੰਨੇ ਮਰਜ਼ੀ ਹੱਡ ਭੰਨੋ–ਹਰ ਵੇਲੇ ਕੋਈ ਨਾ ਕੋਈ ਫਿਕਰ, ਅੱਜ ਭਿੰਦੀ ਦੀ ਫੀਸ ਦੇਣੀ ਏ, ਅੱਜ ਭਿੰਦੀ ਦੀ ਪੈਂਟ ਸਵਾਉਣੀ ਏਂ, ਅੱਜ ਦੀਪੀ ਦੀ ਚੁੰਨੀ ਲਿਆਉਣੀ ਏ। ਬੱਸ ਬੰਦਾ ਫਿਕਰਾਂ ਵਿਚ ਹੀ ਖੁਰਦਾ ਰਹੇ।

ਮਾਂ : ਤੈਨੂੰ ਬਹੁਤੇ ਫਿਕਰ ਨੇ, ਮੈਨੂੰ ਨਹੀਂ।

ਕਿਹਰ ਸਿੰਘ : ਬੰਦਾ ਫਿਕਰਾਂ ਤੋਂ ਬਚੇ ਕਿਸ ਤਰ੍ਹਾਂ ? (ਬੋਤਲ ਵੱਲ ਵੇਖ ਕੇ) ਘੜੀ ਦੀ ਘੜੀ ਇਸ ਦਾ ਆਸਰਾ ਲਈਦਾ ਏ–ਬਸ ਘੋੜੇ ਸਵਾਰ,ਸਾਰੀ ਦੁਨੀਆ ਛੋਟੀ ਛੋਟੀ ਲੱਗਣ ਲੱਗ ਪੈਂਦੀ ਏ।

ਮਾਂ : ਤੇ ਜਦੋਂ ਨਸ਼ਾ ਲਹਿ ਜਾਏ, ਬੰਦਾ ਪੱਟਕ ਕੇ ਡਿੱਗਦਾ ਏ।

ਦੀਪੀ : ਮਾਂ ਤੂੰ ਭਾਪੇ ਨਾਲ ਕਿਉਂ ਲੜਦੀ ਏਂ ? ਜੇ ਇਹਨੂੰ ਇਹਦੇ ਵਿਚ ਖੁਸ਼ੀ ਮਿਲਦੀ ਏ, ਲੈਣ ਦੇ ਸੂ।

ਕਿਹਰ ਸਿੰਘ : ਮੈਂ ਧੀਏ ਕੋਈ ਜਾਣ ਕੇ ਪੀਂਦਾ ਹਾਂ ? ਹੁਣ ਉਹ ਟੱਕੇ ਦਾ ਬੰਦਾ ਲਛਮਣ ਸਿੰਘ ਕਹਿਣ ਲੱਗਾ, ਕਿਹਰ ਸਿੰਘ ਨੂੰ ਮੌਜਾਂ ਨੇ, ਕੁੜੀ ਨੌਕਰੀ ਕਰਦੀ ਏ, ਉਹਦੀ ਕਮਾਈ ਘਰ ਆਉਂਦੀ ਏ। ਮੈਂ ਉਸ ਟੱਕੇ ਦੇ ਬੰਦੇ ਦੀ ਧੌਣ ਵੱਢ ਦੇਵਾਂਗਾ।

ਮਾਂ : ਤੂੰ ਕੀਹਦੀ ਕੀਹਦੀ ਧੌਣ ਵੱਢੇਂਗਾ ? ਕੱਲ ਕਹਿੰਦਾ ਸੀ ਬੈਂਕ ਵਾਲਿਆਂ ਦੀ ਧੌਣ ਵੱਢੇਂਗਾ, ਪਰਸੋਂ ਕਹਿੰਦਾ ਸੀ ਮੰਡੀ ਵਾਲੇ ਆੜ੍ਹਤੀਏ ਦੀ ਧੌਣ ਵੱਢਾਂਗਾ।

ਕਿਹਰ ਸਿੰਘ : ਹਾਹੋ ਮੈਂ ਸਾਰਿਆਂ ਦੀਆਂ ਧੌਣਾਂ ਵੱਢਾਂਗਾ, ਜਿਹੜੇ ਕੁਰਸੀ 'ਤੇ ਬੈਠੇ ਨੇ ਉਹਨਾਂ ਦੀਆਂ ਧੌਣਾਂ ਵੱਢਾਂਗਾ। ਜਿਹੜੇ ਕੁਰਸੀ 'ਤੇ ਨਹੀਂ ਬੈਠੇ

ਉਹਨਾਂ ਦੀਆਂ ਵੀ। ਉਹ ਟੱਕੇ ਦੇ ਲਛਮਣ ਦੀ ਧੌਣ ਵੱਢਾਂਗਾ... ਸਾਲਿਆ ਮੇਰੀ ਕੁੜੀ ਕਾਰਖਾਨੇ ਕੰਮ ਕਰਦੀ ਏ, ਹੋਰਨਾਂ ਦੀਆਂ ਕੁੜੀਆਂ ਵੀ ਕੰਮ ਕਰਦੀਆਂ ਨੇ, ਤੇਰੇ ਸੂਲ ਕਿਉਂ ਚੁੱਭਦੀ ਏ ?

ਮਾਂ : ਸੂਲ ਉਹਦੇ ਨਹੀਂ ਚੁੱਭਦੀ, ਤੇਰੇ ਚੁੱਭਦੀ ਐ ਤਾਂਹੀਓ ਤਾਂ ਪੀ ਪੀ ਕੇ ਸੁਰਤ ਆਪਣੀ ਮਾਰੀ ਜਾਂਦਾ ਏਂ।

ਕਿਹਰ ਸਿੰਘ : ਇਹ ਤਾਂ ਥੋੜਾ ਗ਼ਮ ਭੁਲਾਉਣ ਨੂੰ ਪੀਂਦਾ ਹਾਂ।

ਮਾਂ : ਤੂੰ ਤਾਂ ਗ਼ਮ ਭੁਲਾ ਲੈਨਾ ਏਂ, ਮੇਰੀ ਸੋਚ ਮੈਂ ਕਿਵੇਂ ਗ਼ਮ ਭੁਲਾਵਾਂਗੀ।

ਕਿਹਰ ਸਿੰਘ : ਹਾਂ, ਤੂੰ ਕਿਵੇਂ ਗ਼ਮ ਭੁਲਾਏਂਗੀ ? ਇਹ ਤਾਂ ਸੋਚਣ ਵਾਲੀ ਗੱਲ ਏ... ਤੂੰ ਵੀ ਪੀ ਲਿਆ ਕਰ।

ਮਾਂ : ਹਾਹੋ ਮੈਂ ਵੀ ਪੀ ਲਵਾਂ ਤਾਂ ਜੋ ਰਹਿੰਦਾ ਖਹਿੰਦਾ ਜਲੂਸ ਵੀ ਪਿੰਡ ਵਿਚ ਨਿਕਲ ਜਾਏ।

ਕਿਹਰ ਸਿੰਘ : ਜਲੂਸ ਕੱਢਣ ਵਾਲੇ ਦੀ ਮਾਂ ਦੀ... ਟੱਕੇ ਦੇ ਲਛਮਣ ਸਿੰਘ ਦੀ ਮਾਂ ਦੀ... ਸਾਰੇ ਪਿੰਡ ਦੀ ਮਾਂ ਦੀ...।

ਮਾਂ : ਹਾਹੋ ਕੋਠੇ 'ਤੇ ਖਲੋ ਕੇ ਪਿੰਡ ਦੀਆਂ ਮਾਵਾਂ ਧੀਆਂ ਨੂੰ ਪੁਣ।

ਕਿਹਰ ਸਿੰਘ : ਪੁਣਾਂਗਾ...ਸਭ ਟੱਕੇ ਟੱਕੇ ਦੇ ਬੰਦੇ ਨੇ, ਮੈਥੋਂ ਭੁੱਲੇ ਨਹੀਂ, ਸਾਰਿਆਂ ਦੇ ਘਰ ਭੰਗ ਭੁਜਦੀ ਏ, ਸਾਰਿਆਂ ਨੇ ਬੈਂਕਾਂ ਵਾਲਿਆਂ ਦੇ ਕਰਜ਼ੇ ਦੇਣੇ ਨੇ। ਸਾਰੇ ਮੇਰੇ ਵਰਗੇ ਨੇ (ਦੀਪੀ ਨੂੰ) ਸਾਰੇ ਮੇਰੇ ਵਰਗੇ ਨੇ।

ਦੀਪੀ : ਹਾਹੋ ਬਾਪੂ ਸਾਰੇ ਸਾਡੇ ਵਰਗੇ ਨੇ।

ਕਿਹਰ ਸਿੰਘ : ਸਾਰੇ ਮੇਰੇ ਵਾਂਗ ਕੁੱਤੀ ਦੇ ਪੁੱਤ ਨੇ... (ਮਾਸਟਰ ਜੀ ਨੂੰ ਦੇਖਦਾ ਹੈ।) ਸਿਵਾਏ ਮਾਸਟਰ ਜੀ ਦੇ। ਇਹਨਾਂ ਅੱਗੇ ਮੈਂ ਹੱਥ ਜੋੜਦਾ ਹਾਂ। ਇਹਨਾਂ ਦੇ ਮੈਂ ਪੈਰੀਂ ਪੈਂਦਾ ਹਾਂ... ਮਾਸਟਰ ਜੀ, ਵਾਹਿਗੁਰੂ ਜੀ ਕੀ ਫਤਿਹ... ਮੁਆਫ ਕਰਨਾ ਮੈਂ ਘੁੱਟ ਕੁ ਪੀ ਲਈ ਏ। ਦੀਪੀ ਦੀ ਮਾਂ ਨੂੰ ਸਮਝਾਓ, ਘੁੱਟ ਕੁ ਪੀਣ ਦਾ ਕੋਈ ਹਰਜ ਨਹੀਂ। ਸਾਰੇ ਪੀ ਲੈਂਦੇ ਨੇ। ਵੱਡੇ ਵੱਡੇ ਲੀਡਰ ਪੀ ਲੈਂਦੇ ਨੇ... ਲੀਡਰ ਇਹ ਨਹੀਂ ਪੀਂਦੇ, ਲੋਕਾਂ ਦਾ ਲਹੂ ਪੀਂਦੇ ਨੇ... ਲੀਡਰ, ਤੁਸੀਂ ਮਾਸਟਰ ਜੀ, ਕਦੀ ਸੂਈ ਬਘਿਆੜੀ ਦੇਖੀ ਏ, ਨਾਲ ਨਾਲ ਥਣਾਂ ਤੋਂ ਆਪਣੇ ਬੱਚਿਆਂ ਨੂੰ ਦੁੱਧ ਪਿਆਈ ਜਾਂਦੀ ਏ, ਤੇ ਮੂੰਹ ਵਿਚ ਕਿਸੇ ਮਸੂਮ ਲੇਲੇ ਦਾ ਮਾਸ ਚਬਾਈ ਜਾਂਦੀ ਏ। ਇਹ ਲੀਡਰ ਆਪਣਿਆਂ ਨੂੰ ਦੁੱਧ ਪਿਆਉਂਦੇ ਨੇ ਤੇ ਦੂਜਿਆਂ ਦਾ ਮਾਸ ਚਬਾਉਂਦੇ ਨੇ।

ਮਾਸਟਰ ਜੀ : ਅੱਜ ਤਾਂ ਕਿਹਰ ਸਿਆਂ ਬੜੇ ਪਤੇ ਦੀ ਗੱਲ ਪਿਆ ਕਰਦਾ ਏਂ।

ਕਿਹਰ ਸਿੰਘ : ਉਹ ਟੱਕੇ ਦਾ ਬੰਦਾ ਲਛਮਣ ਸਿੰਘ ਮੈਨੂੰ ਕਹਿਣ ਲੱਗਾ ਕਿ ਦੀਪੀ ਸਾਇਕਲ 'ਤੇ ਚੜ੍ਹਕੇ ਕਾਰਖਾਨੇ ਜਾਂਦੀ ਏ। ਉਥੇ ਮੁੰਡਿਆਂ ਨਾਲ

ਹੱਸ ਹੱਸ ਕੇ ਗੱਲਾਂ ਕਰਦੀ ਏ। ਪਿਆਰ ਦੀਆਂ ਪੀਂਘਾਂ ਚੜ੍ਹਾਉਂਦੀ ਏ।

ਦੀਪੀ : ਹਾਹੋ ਜਾਂਦੀ ਹਾਂ–ਸਾਈਕਲ 'ਤੇ ਜਾਂਦੀ ਹਾਂ, ਚਾਰ ਕੋਹ ਦੀ ਵਾਟ ਪੈਦਲ ਨਹੀਂ ਜਾਂਦੀ, ਉਥੇ ਹੋਰ ਕੰਮ ਕਰਨ ਵਾਲੇ ਮੁੰਡਿਆਂ ਨਾਲ ਗੱਲਾਂ ਵੀ ਕਰਦੀ ਹਾਂ, ਜਿਹੜਾ ਮੈਨੂੰ ਚੰਗਾ ਲੱਗੇਗਾ, ਉਹਦੇ ਨਾਲ ਕੱਲਿਆਂ ਵੀ ਗੱਲ ਕਰਾਂਗੀ, ਮਰਜ਼ੀ ਆਈ ਜੀਵਨ ਦਾ ਸਾਥ ਵੀ ਜੋੜਾਂਗੀ। ਮੈਂ ਉਹਨਾਂ ਵਿਚੋਂ ਨਹੀਂ, ਜਿਹੜੀਆਂ ਅੰਦਰ ਵੜ ਵੜ ਰੋਂਦੀਆਂ ਨੇ, ਚੋਰੀ ਚੋਰੀ ਚਿੱਠੀਆਂ ਲਿਖਦੀਆਂ ਨੇ।

ਮਾਂ : ਨੀ ਚੁੱਪ ਕਰ ਜਾ।

ਦੀਪੀ : ਨਹੀਂ ਚੁੱਪ ਕਰਦੀ, ਜੇਕਰ ਉਹ ਗੱਲਾਂ ਕਰਨ ਵਾਲੇ ਨਹੀਂ ਚੁੱਪ ਕਰਦੇ ਤੇ ਮੈਂ ਵੀ ਚੁੱਪ ਨਹੀਂ ਕਰਦੀ।

ਕਿਹਰ ਸਿੰਘ : ਮੈਂ ਵੀ ਚੁੱਪ ਨਹੀਂ ਕਰਦਾ, ਇਹ ਕਿਉਂ ਚੁੱਪ ਕਰੇ ਜੇ ਉਹ ਟੱਕੇ ਦਾ ਬੰਦਾ ਲਛਮਣ ਸਿੰਘ ਚੁੱਪ ਨਹੀਂ ਕਰਦਾ।

ਮਾਸਟਰ ਜੀ : ਓਏ ਕਿਹਰ ਸਿਆਂ, ਕਿਉਂ ਤੂੰ ਇਹ ਗੱਲਾਂ ਆਪਣੇ ਮਨ 'ਤੇ ਲਾਉਂਦਾ ਏਂ ? ਅੱਜ ਦੇ ਸਮੇਂ ਦੁਨੀਆ ਜਿਥੇ ਪੁੱਜ ਗਈ ਏ, ਉਹਦੇ ਬਾਰੇ ਲਛਮਣ ਸਿੰਘ ਨੂੰ ਨਹੀਂ ਪਤਾ।

ਕਿਹਰ ਸਿੰਘ : ਮਾਸਟਰ ਜੀ, ਲਛਮਣ ਸਿੰਘ ਨਾ ਆਖੋ, ਟੱਕੇ ਦਾ ਬੰਦਾ ਲਛਮਣ ਸਿੰਘ ਆਖੋ।

ਮਾਸਟਰ ਜੀ : ਅੱਛਾ ਇਸ ਤਰ੍ਹਾਂ ਵੀ ਕਹਿ ਲੈਨੇ ਹਾਂ, ਉਹਨੂੰ ਸਮਝ ਨਹੀਂ, ਅੱਜ ਸਾਇੰਸ ਦਾ ਯੁੱਗ ਏ, ਪਹਿਲੇ ਵਾਲੀਆਂ ਗੱਲਾਂ ਨਹੀਂ ਰਹੀਆਂ ਕਿ ਧੀਆਂ ਘਰਾਂ ਵਿਚ ਹੀ ਡੱਕੀਆਂ ਰਹਿਣ।

ਕਿਹਰ ਸਿੰਘ : ਹਾਹੋ ਕਿਉਂ ਡੱਕੀਆਂ ਰਹਿਣ ?

ਮਾਸਟਰ ਜੀ : ਜਦੋਂ ਉਹ ਬਾਹਰ ਨਿਕਲਣਗੀਆਂ ਤਾਂ ਉਹਨਾਂ ਨੂੰ ਨਵੇਂ ਤਜੱਰਬੇ ਵੀ ਹੋਣਗੇ। ਉਹ ਕੰਮ ਵੀ ਕਰਨਗੀਆਂ ਤੇ ਆਪਣਾ ਹਾਣ ਜੇ ਉਹਨਾਂ ਨੂੰ ਕੋਈ ਚੰਗਾ ਲੱਗੇਗਾ ਉਹਦੇ ਬਾਰੇ ਸੋਚਣਗੀਆਂ ਵੀ ਤੇ ਕੁਝ ਫੈਸਲੇ ਵੀ ਲੈਣਗੀਆਂ।

ਕਿਹਰ ਸਿੰਘ : ਲੈਣ ਜ਼ਰੂਰ ਲੈਣ, ਪਰ ਉਹ ਟੱਕੇ ਦਾ ਲਛਮਣ ਸਿੰਘ...।

ਮਾਂ : ਸਿਆਪਾ ਲਛਮਣ ਸਿੰਘ ਦਾ।

ਮਾਸਟਰ ਜੀ : ਤੇ ਲੋਕੀਂ ਇਹ ਕਿਉਂ ਚਾਹੁੰਦੇ ਨੇ ਕਿ ਉਹੀ ਜ਼ਮਾਨੇ ਰਹਿਣ ਕਿ ਹੀਰਾਂ ਛੁੱਪਕੇ ਛੁੱਪਕੇ ਰਾਂਝਣਾਂ ਲਈ ਚੂਰੀ ਲਿਜਾਣ, ਉਂਝ ਇਹ ਦੱਸ ਹੀਰ ਨੇ ਸੱਚਾ ਇਸ਼ਕ ਕਮਾਇਆ ਕਿ ਨਾ ?

ਕਿਹਰ ਸਿੰਘ : ਪੂਰੀ ਤਰ੍ਹਾਂ ਕਮਾਇਆ ਮਾਸਟਰ ਜੀ, ਪੂਰੀ ਤਰ੍ਹਾਂ ਕਮਾਇਆ।

ਮਾਸਟਰ ਜੀ : ਤੇ ਹੀਰ ਕੋਈ ਵੱਖਰੀ ਕੁੜੀ ਨਹੀਂ ਸੀ, ਅੱਜ ਦੀਆਂ ਕੁੜੀਆਂ ਵਰਗੀ ਹੀ ਸੀ।

ਕਿਹਰ ਸਿੰਘ : ਫੇਰ ਉਹ ਮਾਮਾ ਹੀਰ ਦਾ ਲਛਮਣ ਸਿੰਘ ਕਿਉਂ ਬੋਲਦਾ ਏ ਕਿ ਕੁੜੀ ਮੇਰੀ ਕਾਰਖਾਨੇ ਕੰਮ ਕਰਦੀ ਏ ਉਹਨੂੰ ਸਮਝਾ ਦੇਵੋ।

ਮਾਸਟਰ ਜੀ : ਹਲਾ ਇਹ ਸਮਝਾ ਦੇਵਾਂਗੇ, ਇਹ ਦੱਸ ਭਿੰਦੀ ਕਿਥੇ ਏ ?

ਦੀਪੀ : ਭਿੰਦੀ ਤਾਂ ਮਾਸਟਰ ਜੀ, ਹਾਲੇ ਘਰ ਨਹੀਂ ਮੁੜਿਆ।

ਮਾਂ : ਉਹ ਤਾਂ ਮਾਸਟਰ ਜੀ ਬੜੀ ਦੇਰ ਨਾਲਾ ਆਉਂਦਾ ਏ, ਮੈਨੂੰ ਤਾਂ ਹਮੇਸ਼ਾਂ ਫਿਕਰ ਹੀ ਰਹਿੰਦਾ ਏ, ਤੇ ਜਦੋਂ ਆਉਂਦਾ ਵੀ ਏ ਪਤਾ ਨਹੀਂ ਕਿਹੜੀਆਂ ਸੋਚਾਂ ਵਿਚ ਗੁੰਮ ਰਹਿੰਦਾ ਏ।

ਕਿਹਰ ਸਿੰਘ : ਉਹ ਸੋਚਣ ਵਾਲਾ ਬੰਦਾ ਏ, ਉਹ ਟੱਕੇ ਦੇ ਲਛਮਣ ਸਿੰਘ ਦੇ ਮੁੰਡ ਵਾਕੁਣ ਲੰਡਰ ਨਹੀਂ।

ਮਾਂ : (ਫਿਕਰ ਨਾਲ) ਪਰ ਤੁਸੀਂ ਭਿੰਦੀ ਨੂੰ ਕਿਉਂ ਪੁਛਦੇ ਹੋ ?

ਮਾਸਟਰ ਜੀ : ਨਹੀਂ, ਕੋਈ ਖਾਸ ਗੱਲ ਨਹੀਂ।

ਦੀਪੀ : ਗੱਲ ਤੇ ਮਾਸਟਰ ਜੀ ਜ਼ਰੂਰ ਏ, ਜਿਹੜੀ ਤੁਸੀਂ ਛੁਪਾ ਰਹੇ ਹੋ।

ਮਾਸਟਰ ਜੀ : ਐਵੇਂ ਪੁਲਿਸ ਵਾਲੇ ਆਏ ਸਨ, ਪੁੱਛਦੇ ਸਨ ਕਿ ਭਿੰਦੀ ਕੀ ਕਰਦਾ ਏ?

ਮਾਂ : ਤੁਸੀਂ ਦੱਸਣਾ ਸੀ ਕਿ ਤੁਹਾਡੇ ਕੋਲੋਂ ਪੜ੍ਹਿਆ ਏ।

ਕਿਹਰ ਸਿੰਘ : ਤੇ ਇਹ ਵੀ ਦੱਸਣਾ ਸੀ ਕਿ ਅੱਵਲ ਆਉਂਦਾ ਸੀ। ਉਸ ਟੱਕੇ ਦੇ ਬੰਦੇ ਲਛਮਣ ਸਿੰਘ ਦੇ ਪੁੱਤ ਵਾਂਗ ਇਕ ਜਮਾਤ ਦੋ ਦੋ ਸਾਲਾਂ ਵਿਚ ਪਾਸ ਨਹੀਂ ਸੀ ਕਰਦਾ।

ਮਾਂ : (ਖਿੱਝ ਕੇ) ਲਛਮਣ ਸਿੰਘ ਨੂੰ ਮਾਰ ਗੋਲੀ, ਗੱਲ ਤਾਂ ਸੁਨਣ ਦੇ।

ਕਿਹਰ ਸਿੰਘ : ਹਾਂ ਇਕ ਦਿਨ ਮੈਂ ਉਹਨੂੰ ਗੋਲੀ ਮਾਰ ਦੇਵਾਂਗਾ ਤੇ ਆਪ ਫਾਹੇ ਲੱਗ ਜਾਵਾਂਗਾ।

ਮਾਸਟਰ ਜੀ : ਮੈਂ ਉਹਨਾਂ ਦੀ ਤਸੱਲੀ ਕਰਵਾ ਦਿੱਤੀ ਸੀ, ਪਰ ਜਦੋਂ ਆਵੇ ਤਾਂ ਕਹੀ ਮੈਨੂੰ ਮਿਲ ਲਵੇ। ਨਹੀਂ ਤਾਂ ਮੈਂ ਸਵੇਰੇ ਲੰਘਦਾ ਲੰਘਦਾ ਆਵਾਂਗਾ।

ਕਿਹਰ ਸਿੰਘ : ਆਹੋ ਮਾਸਟਰ ਜੀ ਆ ਜਾਣਾ, ਭਿੰਦੀ ਵੀ ਹੋਵੇਗਾ, ਮੈਂ ਵੀ ਹੋਵਾਂਗਾ। ਭਿੰਦੀ ਦਾ ਬਾਪ, ਪਰ ਉਹ ਲਛਮਣ ਸਿੰਘ ਟੱਕੇ ਦਾ ਬੰਦਾ ਨਹੀਂ ਹੋਵੇਗਾ-ਜ਼ਮੀਨ ਵਿਚ ਗੱਡਿਆਜਾਏਗਾ, ਸਾਲਿਆਦੱਸ ਹੁਣ ਕਿਵੇਂ ਉਠੇਂਗਾ ?

ਮਾਂ : ਦੀਪੀ ਤੂੰ ਭਾਪੇ ਨੂੰ ਅੰਦਰ ਲੈ ਜਾ।

*(ਦੀਪੀ ਭਾਪੇ ਨੂੰ ਆਸਰਾ ਦੇ ਕੇ ਲੈ ਜਾਂਦੀ ਹੈ।)*

ਮਾਂ : ਮਾਸਟਰ ਜੀ, ਭਿੰਦੀ ਬਾਰੇ ਕੋਈ ਖਤਰੇ ਵਾਲੀ ਗੱਲ ਤਾਂ ਨਹੀਂ ?

ਮਾਸਟਰ ਜੀ : ਨਹੀਂ ਨਹੀਂ, ਮੈਂ ਤਾਂ ਸਿਰਫ ਉਹਨੂੰ ਖਬਰਦਾਰ ਕਰਨ ਆਇਆ ਸੀ, ਸਮਾਂ ਦੇਖ ਕੇ ਹੀ ਗੱਲ ਕਰਿਆ ਕਰੇ।

ਮਾਂ : ਇਹਤਾਂ ਮਾਸਟਰ ਜੀ ਠੀਕ ਏ, ਉਤੋਂ ਵੇਲੇ ਕਿਹੋ ਜਿਹੇ ਨੇ।

ਮਾਸਟਰਜੀ : ਭਿੰਦੀ ਵਰਗੇ ਮੁੰਡੇ ਦੋਹਾਂ ਧਿਰਾਂ ਨੂੰ ਚੁੱਭਦੇ ਨੇ। ਜੇ ਉਹ ਆਖਣ ਕਿ ਬੇਦੋਸ਼ਿਆਂ ਦੇ ਕਤਲ ਕਰਨੇ ਕੋਈ ਬੰਦਿਆਂ ਵਾਲੇ ਸੰਘਰਸ਼ ਨਹੀਂ ਤਾਂ ਉਹ ਖਾਲਿਸਤਾਨੀ ਧਿਰ ਨੂੰ ਚੁੱਭਦੇ ਨੇ ਤੇ ਜੇ ਉਹ ਆਖਣ ਕਿ ਨੌਜਵਾਨਾਂ ਦੇ ਟੱਬਰਾਂ ਨੂੰ ਪੁਲਿਸ ਨਜਾਇਜ਼ ਤੰਗ ਕਰਦੀ ਏ ਤਾਂ ਉਹ ਇਹਨਾਂ ਕਾਨੂੰਨ ਦੇ ਰਖਵਾਲਿਆਂ ਦੀਆਂ ਨਜ਼ਰਾਂ ਵਿਚ ਚੁੱਭਦੇ ਨੇ।

ਮਾਂ : ਤੇ ਫੇਰ ?

ਮਾਸਟਰ ਜੀ : ਕੋਈ ਕੀ ਕਹਿ ਸਕਦਾ ਏ ? ਅੱਛਾ ਮੈਂ ਚੱਲਦਾ ਹਾਂ।

*(ਮਾਸਟਰ ਜੀ ਜਾਂਦੇ ਜਾਂਦੇ ਇਸ ਤਰ੍ਹਾਂ ਮੂਕ ਅਭੀਨੈ ਕਰਦੇ ਹਨ, ਜਿਸ ਤਰ੍ਹਾਂ ਕਹਿ ਰਹੇ ਹੋਣ ਕਿ ਕੋਈ ਕੀ ਕਹਿ ਸਕਦਾ ਏ... ਮਾਂ ਵੀ ਫਿਕਰ ਵਿਚ ਹੈ।)*

## (ਝਾਕੀ ਦੂਜੀ)

(ਸਵੇਰ ਦਾ ਵੇਲਾ, ਮਾਂ ਚੌਂਕੇ ਵਿਚ ਚਾਹ ਬਣਾ ਰਹੀ ਹੈ, ਦੀਪੀ ਕਾਹਲੀ ਵਿਚ ਕਾਰਖਾਨੇ ਜਾਣ ਲਈ ਤਿਆਰ ਹੈ।)

ਦੀਪੀ : ਮਾਂ ਮੈਨੂੰ ਚਾਹ ਦੇ ਦੇ, ਦੇਰ ਪਈ ਹੁੰਦੀ ਏ।

ਮਾਂ : ਤੂੰ ਬਾਪੂ ਨੂੰ ਵੇਖ, ਜਾਗ ਆਈ ਏ ਕਿ ਨਹੀਂ ?

ਦੀਪੀ : (ਚਾਹ ਫੜਦੀ ਹੈ) ਮੈਨੂੰ ਵਿਹਲ ਨਹੀਂ। (ਪਲੇਟ ਵਿਚ ਪਾ ਕੇ ਪੀਂਦੀ ਹੋਈ।) ਤੂੰ ਵੀਰੇ ਨੂੰ ਆਖੀਂ ਮਾਸਟਰ ਜੀ ਵੱਲ ਆਵੇ।

ਮਾਂ : ਉਹ ਕਹਿੰਦੇ ਸੀ ਉਹ ਆਪ ਹੀ ਲੰਘਦੇ ਹੋਏ ਆ ਜਾਣਗੇ।

*(ਭਿੰਦੀ ਆਉਂਦਾ ਹੈ।)*

ਭਿੰਦੀ : ਦੀਪੀ ਹੌਲੇ ਹੌਲੇ ਪੀ।

ਦੀਪੀ : ਨਹੀਂ ਵੀਰੇ ਮੈਨੂੰ ਕਾਹਲੀ ਏ, ਹਾਲੇ ਦੂਜੀਆਂ ਕੁੜੀਆਂ ਨੂੰ ਵੀ ਨਾਲ ਲੈਣਾ ਏ, ਦੇਰ ਹੋ ਜਾਏ ਤਾਂ ਇਕੱਲਿਆਂ ਜਾਣਾ ਪੈਂਦਾ ਏ, ਤੇ ਇਕੱਲੀ ਵੇਖ ਕੇ ਕੋਈ ਲੁੱਚਾ ਲੁੰਡਾ ਬਕਵਾਸ ਕਰਨੋਂ ਟੱਲਦਾ ਨਹੀਂ।

ਭਿੰਦੀ : ਕਾਰਖਾਨੇ ਤਾਂ ਕੋਈ ਕੁਝ ਨਹੀਂ ਕਹਿੰਦਾ ?

ਦੀਪੀ : ਕਾਰਖਾਨੇ ਤਾਂ ਸਾਰੇ ਆਪਣੇ ਹੀ ਨੇ, ਭਾਵੇਂ ਮੁੰਡੇ, ਭਾਵੇਂ ਕੁੜੀਆਂ, ਆਪਣੇ ਵਰਗੇ ਜਿਨ੍ਹਾਂ ਦੇ ਦੁੱਖ-ਸੁੱਖ ਆਪਣੇ ਵਰਗੇ ਹੀ ਸਾਂਝੇ ਨੇ।

ਭਿੰਦੀ : (ਹੌਲੇ ਜਿਹੇ) ਤੇ ਉਥੇ ਅਜਮੇਰ ਵੀ ਏ, ਉਹ ਤਾਂ ਬਿਲਕੁਲ ਹੀ ਆਪਣਾ ਏ (ਮਾਂ ਨੂੰ ਉੱਚੀ ਸਾਰੀ) ਹਾਂ ਤੇ ਮਾਂ, ਮੈਨੂੰ ਵੀ ਚਾਹ ਦੇ ਦੇ। (ਦੀਪੀ ਜਾਂਦੀ ਹੈ) (ਮਾਂ ਕੋਲੋਂ ਚਾਹ ਲੈਂਦਾ ਹੋਇਆ) ਦੇਖ ਮਾਂ ਇਕ ਭਾਰ ਤਾਂ ਤੇਰਾ ਤੇ ਬਾਪੂ ਦਾ ਲਹਿ ਗਿਆ ਸਮਝੋ।

ਮਾਂ : ਉਹ ਕੀ ?

ਭਿੰਦੀ : ਦੀਪੀ ਲਈ ਮੈਂ ਮੁੰਡਾ ਪਸੰਦ ਕਰ ਲਿਆ ਏ।

ਮਾਂ : ਮੁੰਡਾ ਤਾਂ ਅੱਗੇ ਵੀ ਚੰਗਾ ਹੀ ਲੱਭਿਆ ਸੀ, ਗੱਲ ਵੀ ਸਾਰੀ ਹੋ ਹੀ ਗਈ ਸੀ, ਇਕ ਤਾਂ ਉਹ ਵਿਆਹ ਜਲਦੀ ਮੰਗਣ, ਦੂਜਾ ਕਹਿਣ ਕੁੜੀ ਕੰਮ ’ਤੇ ਨਾ ਜਾਇਆ ਕਰੇ ਤੇ ਦੀਪੀ ਨੂੰ ਦੋਨੋਂ ਗੱਲਾਂ ਮਨਜ਼ੂਰ ਨਹੀਂ ਸਨ।

ਭਿੰਦੀ : ਪਰ ਹੁਣ ਜੀਹਦੇ ਨਾਲ ਗੱਲ ਕੀਤੀ ਏ, ਉਹ ਦੀਪੀ ਨੂੰ ਕੰਮ ਤੋਂ ਨਹੀਂ ਹਟਾਉਂਦੇ, ਵਿਆਹ ਛੇਤੀ ਵੀ ਮੰਗਣਗੇ ਤਾਂ ਕੋਈ ਮੁਸ਼ਕਿਲ ਨਹੀਂ, ਕਿਉਂਕਿ ਵਿਆਹ ਗੁਰਦੁਆਰੇ ਵਿਚ ਹੋਵੇਗਾ ਨਾ ਕੋਈ ਬਰਾਤ ਤੇ ਨਾ ਕੋਈ ਦਾਜ ਦਹੇਜ, ਬਸ ਸਾਦਾ ਜਿਹੀ ਰਸਮ।

*(ਕਿਹਰ ਸਿੰਘ ਆਉਂਦਾ ਹੈ।)*

ਕਿਹਰ ਸਿੰਘ : ਤੁਸੀਂ ਕਿਹੜੀਆਂ ਰਸਮਾਂ ਦੀ ਗੱਲ ਕਰਦੇ ਹੋ ?

ਮਾਂ : ਤੈਨੂੰ ਕੀ ? ਤੂੰ ਜਾ ਠੇਕੇ ’ਤੇ, ਦੋ ਘੁੱਟ ਪੀ ਤੇ ਫੇਰ ਉਸ ਟੱਕੇ ਦੇ ਬੰਦੇ ਲਛਮਣ ਸਿੰਘ ਨੂੰ ਕੋਠੇ ’ਤੇ ਚੜ੍ਹ ਕੇ ਚਾਰ ਗਾਲ੍ਹਾਂ ਕੱਢ।

ਕਿਹਰ ਸਿੰਘ : ਮੈਂ ਲਛਮਣ ਸਿੰਘ ਨੂੰ ਕਿਉਂ ਗਾਲ੍ਹਾਂ ਕੱਢਾਂਗਾ, ਉਹ ਤਾਂ ਆਪਣਾ ਬੇਲੀ ਏ, ਆਪਣੇ ਦੁੱਖ-ਸੁੱਖ ਦਾ ਸਾਂਝੀ।

ਮਾਂ : (ਉਹਨੂੰ ਚਾਹ ਦੇਂਦੇ ਹੋਏ) ਹੁਣ ਦੁੱਖ-ਸੁੱਖ ਦਾ ਸਾਂਝੀ ਹੋ ਗਿਆ ਤੇ ਰਾਤੀਂ ਤਾਂ...

ਕਿਹਰ ਸਿੰਘ : ਰਾਤੀਂ ਤਾਂ ਕੀ ?

ਮਾਂ : ਰਾਤੀਂ ਉਹਦੇ ਬਾਰੇ ਸੌ ਸੌ ਫੱਕੜ ਤੋਲਦਾ ਸੀ।

ਕਿਹਰ ਸਿੰਘ : ਰਾਤੀਂ ਦੀ ਗੱਲ ਰਾਤ ਰਹਿ ਗਈ ਕੇ।

ਭਿੰਦੀ : ਤੁਸੀਂ ਬਾਪੂ ਲਛਮਣ ਚਾਚੇ ਨਾਲ ਬੈਠ ਕੇ ਨਾ ਪੀਆ ਕਰੋ, ਜੇ ਪੀਣੀ ਹੋਵੇ ਤਾਂ ਘਰੇ ਬੈਠ ਕੇ ਪੀ ਲਿਆ ਕਰੋ।

ਕਿਹਰ ਸਿੰਘ : ਮੈਂ ਕੋਈ ਸ਼ੌਂਕ ਨਾਲ ਪੀਂਦਾ ਹਾਂ ?... ਪੁੱਤਰ। ਪੀ ਕੇ ਮੈਂ ਦਿਲ ਦੀ ਭੜਾਸ ਕੱਢਦਾ ਹਾਂ।

ਮਾਂ : ਹਾਹੋ ਬੈਂਕ ਵਾਲੇ, ਮੰਡੀ ਦੇ ਆੜ੍ਹਤੀ, ਲੀਡਰ ਸਾਰਿਆਂ ਨੂੰ ਹੀ ਰਾਤ ਪੁਣਦਾ ਰਿਹਾ ਏਂ।

ਕਿਹਰ ਸਿੰਘ : ਉਹਨਾਂ ਨੂੰ ਤਾਂ ਮੈਂ ਹੁਣ ਵੀ ਪੁਣਾਂਗਾ, ਹੈਗੇ ਹੀ ਸਾਰੇ ਭੇੜੀਏ ਮਾਸ

ਖਾਣ ਵਾਲੇ।

ਭਿੰਦੀ : ਪਰ ਬਾਪੂ ਇਹ ਭੇੜੀਏ ਗਾਲ੍ਹਾ ਕੱਢਣ ਨਾਲ ਤਾਂ ਆਪਣਾ ਰਾਹ ਨਹੀਂ ਬਦਲਣ ਲੱਗੇ, ਇਹ ਇਸ ਪ੍ਰਬੰਧ ਦਾ ਹਿੱਸਾ ਨੇ।

ਕਿਹਰ ਸਿੰਘ : ਅਸੀਂ ਵੀ ਤਾਂ ਇਸ ਪ੍ਰਬੰਧ ਦਾ ਹਿੱਸਾ ਹਾਂ। ਸਾਡਾ ਵੀ ਕੋਈ ਹੱਕ ਏ।

ਭਿੰਦੀ : ਆਹੋ ਤੁਸੀਂ ਵੀ ਪ੍ਰਬੰਧ ਦਾ ਹਿੱਸਾ ਹੋ, ਜੇ ਤੁਸੀਂ ਨਾ ਹੋਵੋ ਤਾਂ ਇਹ ਪ੍ਰਬੰਧ ਚੱਲੇ ਕਿਸ ਤਰ੍ਹਾਂ? ਜੇ ਲੁੱਟੇ ਜਾਣ ਵਾਲੇ ਨਾ ਹੋਣ ਤਾਂ ਲੁੱਟ ਕਰਨ ਵਾਲੇ ਕਿਸਦੀ ਲੁੱਟ ਕਰਨ?

ਮਾਂ : ਚੱਲ ਪੁੱਤਰਾ ਬਾਪੂ ਨਾਲ ਇਸ ਵਖਿਆਣ ਦਾ ਕੀ ਫਾਇਦਾ? ਤੇਰੇ ਬਾਪੂ ਨੇ ਪੀਣੋ ਹਟਣਾ ਨਹੀਂ, ਤੇ ਫੇਰ ਪੀ ਕੇ ਗਾਲ੍ਹਾਂ ਵੀ ਜ਼ਰੂਰ ਕੱਢਣੀਆਂ ਨੇ, ਇਹ ਤਾਂ ਨਿੱਤ ਦੀ ਗੱਲ ਏ।

ਕਿਹਰ ਸਿੰਘ : ਵੇਖਾਂ, ਪੁੱਤਰ ਸਾਹਮਣੇ ਕਿਸ ਤਰ੍ਹਾਂ ਚਾਂਬਲ ਚਾਂਬਲ ਗੱਲਾਂ ਕਰਦੀ ਏ।

ਭਿੰਦੀ : ਬਾਪੂ ਮਾਂ ਠੀਕ ਹੀ ਕਹਿੰਦੀ ਏ, ਪੀੜ੍ਹੀਆਂ ਦਰ ਪੀੜ੍ਹੀਆਂ ਬਸ ਅਸੀਂ ਆਪਣੇ ਦੁੱਖਾਂ ਨੂੰ ਪੀ ਕੇ ਭੁੱਲਣ ਦੀ ਕੋਸ਼ਿਸ਼ ਕੀਤੀ ਏ, ਜਾਂ ਪੀ ਕੇ ਗਾਲ੍ਹਾਂ ਕੱਢ ਕੇ ਆਪਣੇ ਰੋਹ ਨੂੰ ਠੰਡਾ ਕਰ ਲਿਆ। ਪਰ ਹਾਲਾਤ ਨੂੰ ਬਦਲਣ ਦਾ ਕਦੀ ਯਤਨ ਨਹੀਂ ਕੀਤਾ।

ਕਿਹਰ ਸਿੰਘ : ਕਿਉਂ ਨਹੀਂ ਕੀਤਾ? ਜੋ ਸਾਨੂੰ ਕਰਨ ਲਈ ਕਿਹਾ ਗਿਆ, ਅਸੀਂ ਕੀਤਾ। ਲੀਡਰਾਂ ਨੇ ਕਿਹਾ ਦੋ ਤੋਂ ਵੱਧ ਬਚੇ ਨਾ ਹੋਣ, ਅਸੀਂ ਕਿਹਾ ਸਤਿ ਬਚਨ। ਇਹਨਾਂ ਕਿਹਾ ਕਣਕ ਦੇ ਬੀਜ ਚੰਗੇ ਬੀਜੋ, ਅਸੀਂ ਬੀਜੇ, ਇਹਨਾਂ ਕਿਹਾ ਖਾਦ ਪਾਵੋ, ਅਸੀਂ ਪਾ ਦਿੱਤੀ। ਇਹਨਾਂ ਕਿਹਾ ਉਲਾਦ ਨੂੰ ਪੜ੍ਹਾਓ, ਅਸੀਂ ਪੜ੍ਹਾ ਦਿੱਤੀ। ਇਹਨਾਂ ਜੋ ਕਿਹਾ ਅਸੀਂ ਕੀਤਾ, ਨਤੀਜਾ ਕੀ ਨਿਕਲਿਆ ਬਾਪੂ ਦੇ ਵੇਲੇ ਕਰਜ਼ੇ ਦੀ ਰਕਮ 3000/- ਸੀ ਤੇ ਹੁਣ ਉਹ 10000/- 'ਤੇ ਜਾ ਖਲੋਤੀ। ਅਸੀਂ ਭੜੂਏ ਕਿਥੇ ਜਾਈਏ? ਕੋਠੇ ਚੜ੍ਹਕੇ ਇਹਨਾਂ ਦੀ ਮਾਂ ਭੈਣ ਨੂੰ ਨਾ ਪੁਣੀਏ ਤਾਂ ਹੋਰ ਕੀ ਕਰੀਏ?

ਭਿੰਦੀ : ਬਸ ਬਾਪੂ ਹੁਣ ਗੱਲ ਟਿਕਾਣੇ 'ਤੇ ਆ ਗਈ, ਤੁਸੀਂ ਸਭ ਕੁਝ ਕੀਤਾ, ਪਰ ਕੀਤਾ ਬਿਨਾਂ ਸਮਝੇ, ਤੁਸੀਂ ਇਹਨਾਂ ਲੀਡਰਾਂ 'ਤੇ ਕਦੀ ਕਿੰਤੂ ਨਾ ਕੀਤਾ।

ਕਿਹਰ ਸਿੰਘ : ਚੱਲ ਅਸੀਂ ਨਹੀਂ ਕੀਤਾ, ਤਾਂ ਤੁਸੀ ਕਰ ਲਵੋ।

ਭਿੰਦੀ : ਉਹ ਤਾਂ ਬਾਪੂ ਕਰਾਂਗੇ ਹੀ।

ਕਿਹਰ ਸਿੰਘ : ਹੋਰ ਸਾਡਾ ਤੁਹਾਡੇ ਨਾਲ ਕੋਈ ਝਗੜਾ ਨਹੀਂ ਪਰ ਤੁਸੀਂ ਸਾਡਾ

ਗਾਲ੍ਹਾਂ ਕੱਢਣ ਦਾ ਹੱਕ ਨਹੀਂ ਖੋਹ ਸਕਦੇ ਤੇ ਗਾਲ੍ਹਾਂ ਕੱਢਣ ਦਾ ਸੁਆਦ ਹੀ ਤਾਂ ਆਉਂਦਾ ਹੈ ਜਦੋਂ ਘੁੱਟ ਕੁ ਅੰਦਰ ਗਈ ਹੋਵੇ।

ਭਿੰਦੀ : ਪਰ ਅੰਦਰ ਬਹਿ ਕੇ ਵੀ ਪੀਤੀ ਜਾ ਸਕਦੀ ਏ।

ਕਿਹਰ ਸਿੰਘ : ਉਸ ਪੀਣ ਦਾ ਕੀ ਫਾਇਦਾ ਜੇ ਮੋਏ ਕੁੱਤੇ ਵਾਂਗੂ ਅੰਦਰ ਪਏ ਰਵੋ, ਪੀ ਕੇ ਜੇ ਚਾਂਗਰ ਨਾ ਮਾਰੋ, ਕਿਸੇ ਦਾ ਸਿਰ ਪਾੜੋ ਨਾ, ਆਪਣਾ ਪੜਵਾਓ ਨਾ ਫੇਰ ਪੀਣ ਦਾ ਕੀ ਫਾਇਦਾ ? ਪਰ ਤੁਸੀਂ ਪਾੜ੍ਹੇ ਇਹ ਨਹੀਂ ਸਮਝੋਗੇ ਤੁਹਾਡਾ ਆਪਣਾ ਰਾਹ ਤੇ ਸਾਡਾ ਆਪਣਾ ਰਾਹ।

*(ਮਾਸਟਰ ਜੀ ਆਉਂਦੇ ਹਨ।)*

ਮਾਸਟਰ ਜੀ : ਪਰ ਕਿਹਰ ਸਿਆਂ ਕਦੀ ਕਦੀ ਰਾਹ ਸਾਂਝੇ ਵੀ ਹੋ ਸਕਦੇ ਨੇ।

ਭਿੰਦੀ : ਪੈਰੀ ਪੈਂਦਾ ਹਾਂ ਮਾਸਟਰ ਜੀ।

ਮਾਸਟਰ ਜੀ : ਜੀਉਂਦਾ ਰਹਿ।

ਕਿਹਰ ਸਿੰਘ : ਵਾਹਿਗੁਰੂ ਜੀ ਕੀ ਫਤਿਹ।

ਮਾਸਟਰ : ਵਾਹਿਗੁਰੂ ਜੀ ਕੀ ਫਤਿਹ (ਲਗਾਕੇ) ਆਪਣੇ ਉਸ ਟੱਕੇ ਦੇ ਬੰਦੇ ਲਛਮਣ ਸਿੰਘ ਦਾ ਕੀ ਹਾਲ ਏ ?

ਕਿਹਰ ਸਿੰਘ : (ਝੇਪ ਕੇ) ਚੰਗਾ ਹੀ ਹੋਣੈ।

ਮਾਂ : ਆਹੋ ਹੁਣ ਤਾਂ ਉਹਦੀ ਵੀ ਲਹਿ ਗਈ ਹੋਣੀ ਏ ਇਹ ਵੀ ਚੰਗਾ, ਤੇ ਉਹ ਵੀ ਚੰਗਾ।

*(ਮਾਸਟਰ ਜੀ ਨੂੰ ਚਾਹ ਲਿਆ ਕੇ ਦੇਂਦੀ ਹੈ।)*

ਕਿਹਰ ਸਿੰਘ : ਮਾਸਟਰ ਜੀ, ਤੁਸੀਂ ਆਪਦੇ ਸ਼ਗਿਰਦ ਨਾਲ ਗਿਆਨ ਗੋਸ਼ਟੀ ਕਰੋ, ਮੈਂ ਚਲਦਾ ਹਾਂ, ਬਿਜਲੀ ਦਾ ਬਿਲ ਦੇਣਾ ਏ, ਨਹੀਂ ਤਾਂ ਸਾਲੇ ਮੇਰੇ ਕੁਨੈਕਸ਼ਨ ਹੀ ਕੱਟ ਜਾਣਗੇ।

*(ਕੇਹਰ ਸਿੰਘ ਜਾਂਦਾ ਹੈ, ਮਾਸਟਰ ਜੀ ਕੁਰਸੀ 'ਤੇ ਬੈਠਦੇ ਹਨ।)*

ਮਾਂ : (ਕੌਲੀ ਵਿਚ ਆਟਾ ਪਾਉਂਦੀ ਹੈ) ਮੈਂ ਵੀ ਭਿੰਦੀ ਗੁਰਦੁਆਰੇ ਮੱਥਾ ਟੇਕ ਆਵਾਂ, ਚਾਹ ਹੋਰ ਲੈਣੀ ਹੋਵੇ ਤਾਂ ਪਤੀਲੇ ਵਿਚੋਂ ਪਾ ਲਈ।

*(ਮਾਂ ਬਾਹਰ ਜਾਂਦੀ ਹੈ।)*

ਮਾਸਟਰ ਜੀ : ਦੇਖ ਭੁਪਿੰਦਰ ਮੈਂ ਤੈਨੂੰ ਕੁਝ ਪੁੱਛਣ ਆਇਆ ਹਾਂ।

ਭਿੰਦੀ : ਕੀ ਮਾਸਟਰ ਜੀ ?

ਮਾਸਟਰ ਜੀ : ਕੱਲ ਕੁਝ ਪੁਲਿਸ ਦੇ ਬੰਦੇ ਮੇਰੇ ਕੋਲ ਤੇਰੇ ਬਾਰੇ ਪੁੱਛਣ ਆਏ ਸੀ।

ਭਿੰਦੀ : ਕੀ ਪੁੱਛਦੇ ਸੀ ?

ਮਾਸਟਰ ਜੀ : ਲਿਸਟਾਂ ਬਣਾਉਂਏ ਹੋਣੇ ਨੇ, ਕਿਹੜਾ ਮੁੰਡਾ ਕਿਹੜੀ ਲਹਿਰ ਦੇ ਨਾਲ ਏ।

ਭਿੰਦੀ : ਫੇਰ ਤੁਸੀਂ ਕੁਝ ਦੱਸਿਆ ?

ਮਾਸਟਰ ਜੀ : ਮੈਂ ਤਾਂ ਉਹੋ ਹੀ ਦਸਿਆ ਜੋ ਮੈਨੂੰ ਪਤਾ ਸੀ ਤੇ ਨਾਲ ਇਹ ਵੀ ਦਸ ਦਿੱਤਾ ਕਿ ਭਾਵੇਂ ਕਿਸੇ ਵੀ ਲਹਿਰ ਨਾਲ ਹੋਣ ਪਰ ਦਿੱਲੀ ਵਾਲੀ ਸਰਕਾਰ ਦੇ ਨਾਲ ਪਿੰਡ ਦਾ ਕੋਈ ਮੁੰਡਾ ਨਹੀਂ।

ਭਿੰਦੀ : ਫੇਰ ਕੀ ਕਹਿਣ ਲੱਗਾ ?

ਮਾਸਟਰ ਜੀ : ਕਹਿਣਾ ਕੀ ਸੀ, ਉਹ ਵੀ ਸਰਕਾਰ ਦੇ ਵਿਰੁੱਧ ਬੋਲਣ ਲੱਗਾ ਕਿ ਫੈਸਲਾ ਕਿਸੇ ਗੱਲ ਦਾ ਕਰਦੇ ਨਹੀਂ ਤੇ ਸਾਡੇ ਕੋਲੋਂ ਬਸ ਲਿਸਟਾਂ ਮੰਗਵਾਉਂਦੇ ਰਹਿੰਦੇ ਨੇ। ਪਰ ਇਹਨਾਂ ਪੁਲਿਸ ਵਾਲਿਆਂ ਦੀ ਕਹੀ ਗੱਲ ਦਾ ਇਤਬਾਰ ਥੋੜਾ ਹੁੰਦਾ ਏ, ਆਪਣੀ ਕਾਰਵਾਈ ਵਿਖਾਉਣ ਲਈ ਜੋ ਮਰਜ਼ੀ ਲਿਖ ਲੈਣ, ਤੇ ਨਾਲੇ ਜਿਹੜਾ ਵਰਤਾਰਾ ਪਿਆ ਚਲਦਾ ਏ, ਇਸ ਵਿਚ ਪੁਲਿਸ ਆਪ ਵੀ ਉਤੋਂ ਤੋਂ ਥੱਲੇ ਸ਼ਾਮਲ ਏ।

ਭਿੰਦੀ : ਮਾਸਟਰ ਜੀ, ਤੁਹਾਨੂੰ ਮੇਰੇ ਵਿਚਾਰਾਂ ਦਾ ਤਾਂ ਪਤਾ ਹੀ ਏ, ਤੁਸੀਂ ਬੇਸ਼ੱਕ ਦੱਸ ਦੇਣੇ ਸੀ।

ਮਾਸਟਰ ਜੀ : ਉਹ ਤਾਂ ਜਿੰਨੇ ਮੈਨੂੰ ਦਸਣੇ ਚਾਹੀਦੇ ਸਨ, ਦੱਸ ਦਿੱਤੇ ਸਨ। ਪਰ ਮੈਨੂੰ ਤਾਂ ਫਿਕਰ ਏ ਕਿ ਜਿਹੜੇ ਇਹ ਵਾਰ ਵਾਰ ਪਿੰਡ ਵਿਚ ਚੱਕਰ ਪਏ ਲਾਉਂਦੇ ਨੇ, ਜ਼ਰੂਰ ਇਹਨਾਂ ਨੂੰ ਕੋਈ ਸੂਹ ਮਿਲੀ ਹੋਣੀ ਏ, ਸਰਪੰਚ ਹੋਰਾਂ ਨੂੰ ਵੀ ਚੌਂਕੀ ਬੁਲਾਇਆ ਸੀ... ਬਸ ਤੈਨੂੰ ਇਹੀ ਦੱਸਣ ਆਇਆ ਸੀ ਕਿ ਖਿਆਲ ਰੱਖੀਂ ਐਵੇਂ ਸ਼ੱਕ ਵਿਚ ਹੀ ਚੁੱਕ ਲਿਜਾਣ ਫੇਰ ਕਿਹੜਾ ਥਹੁ ਪਤਾ ਲਗਣਾ ਏ।

ਭਿੰਦੀ : ਪਰ ਮੈਨੂੰ ਤਾਂ ਡਰ ਮਾਸਟਰ ਜੀ ਦੂਜੀ ਧਿਰ ਵੱਲੋਂ ਏ, ਕੱਲ ਅਜਮੇਰ ਦਸਦਾ ਸੀ।

ਮਾਸਟਰ ਜੀ : ਕੌਣ ਅਜਮੇਰ।

ਭਿੰਦੀ : ਦੀਪੀ ਹੋਰਾਂ ਨਾਲ ਕਾਰਖਾਨੇ ਵਿਚ ਕੰਮ ਕਰਦਾ ਏ, ਚੰਗਾ ਮੁੰਡਾ ਏ, ਦੀਪੀ ਤੇ ਉਹ ਇਕ ਦੂਜੇ ਦੇ ਕਾਫੀ ਨੇੜੇ ਨੇ ਤੇ ਮਾਸਟਰ ਜੀ ਮੈਂ ਸਗੋਂ ਬਾਪੂ ਹੋਰਾਂ ਨਾਲ ਵੀ ਗੱਲ ਕਰਨੀ ਏ। ਮੇਰਾ ਤਾਂ ਪਤਾ ਨਹੀਂ ਪਰ ਦੀਪੀ ਦਾ ਫਿਕਰ ਇਕ ਵਾਰੀ ਮਾਂ ਤੇ ਬਾਪੂ ਦੇ ਸਿਰ ਤੋਂ ਲੱਥ ਜਾਏ ਤਾਂ ਚੰਗਾ ਏ।

ਮਾਸਟਰ ਜੀ : ਹਾਂ ਇਹ ਤਾਂ ਚੰਗੀ ਗੱਲ ਏ, ਪਰ ਅਜਮੇਰ ਨੇ ਕੀ ਦੱਸਿਆ ?

ਭਿੰਦੀ : ਇਹੋ ਕਿ ਇਕ ਏਰੀਆ ਕਮਾਂਡਰ ਨੇ ਉਹਨੂੰ ਦੱਸਿਆ ਏ ਕਿ ਉਹ ਮੇਰੀਆਂ ਕਾਰਵਾਈਆਂ ਨੂੰ ਚੰਗਾ ਨਹੀਂ ਸਮਝਦੇ ਤੇ ਉਹ ਏਰੀਆ ਕਮਾਂਡਰ ਹੋਰ ਕੋਈ ਨਹੀਂ, ਤੁਹਾਡਾ ਪੁਰਾਣਾ ਸ਼ਗਿਰਦ ਦਰਸ਼ਨ ਹੀ

ਏ।

ਮਾਸਟਰ ਜੀ : ਉਹਦੇ ਬਾਰੇ ਵੀ ਉਹ ਪੁਲਿਸ ਵਾਲਾ ਪੁੱਛਦਾ ਸੀ ਪਰ ਫੇਰ ਆਪ ਹੀ ਕਹਿਣ ਲੱਗਾ ਕਿ ਉਹ ਤਾਂ ਸਾਡੀ 50 ਹਜ਼ਾਰੀ ਆਸਾਮੀ ਏ।

ਭਿੰਦੀ : ਉਹਦੇ ਘਰ ਵਾਲਿਆਂ ਨੂੰ ਧਮਕੀ ਵੀ ਦੇਣ ਆਏ ਸੀ ਕਿ ਥਾਣੇ ਪੇਸ਼ ਕਰੋ ਨਹੀਂ ਤਾਂ ਮਾਲ ਡੰਗਰ ਖੋਲ੍ਹ ਲਿਜਾਂਵਾਂਗੇ ਤੇ ਉਥੇ ਸਾਡੀ ਸਭਾ ਵਾਲੇ ਬੰਦੇ ਸਨ, ਮੈਂ ਵੀ ਕੁਲਵੰਤ ਨੂੰ ਮਿਲਣ ਗਿਆ ਉਥੇ ਹੀ ਸੀ।

ਮਾਸਟਰ ਜੀ : ਫੇਰ ?

ਭਿੰਦੀ : ਮੇਰੀ ਹੀ ਤਾਂ ਥਾਣੇਦਾਰ ਨਾਲ ਥੋੜੀ ਝੱੜਪ ਹੋ ਗਈ ਸੀ ਕਿ ਘਰ ਵਾਲਿਆਂ ਨੂੰ ਤੰਗ ਕਰਨ ਦਾ ਕੀ ਰਾਹ ਹੋਇਆ ?

ਮਾਸਟਰ ਜੀ : ਹੁਣ ਸਮਝਿਆ, ਤਾਂ ਹੀ ਫੇਰ ਪੁਲਿਸ ਵਾਲੇ ਤੇਰੇ ਬਾਰੇ ਪੁੱਛਣ ਆਏ ਨੇ।

ਭਿੰਦੀ : ਸਾਡੀ ਤਾਂ ਮਾਸਟਰ ਜੀ, ਅਸੂਲ ਦੀ ਲੜਾਈ ਏ।

ਮਾਸਟਰ ਜੀ : (ਦੁੱਖੀ ਲਹਿਜੇ ਵਿਚ) ਅਸੂਲ ਵਾਲੇ ਹੀ ਤਾਂ ਇਸ ਧਰਤੀ 'ਤੇ ਦੁੱਖ ਉਡਾ ਰਹੇ ਨੇ। (ਉਠਦੇ ਹੋਏ) ਅੱਛਾ ਮੈਂ ਚੱਲਦਾ ਹਾਂ।

ਭਿੰਦੀ : ਮਾਸਟਰ ਜੀ ਮੈਂ ਤੁਹਾਡਾ ਦੁੱਖ ਸਮਝਦਾ ਹਾਂ, ਤੁਸੀਂ ਆਪਣੇ ਪੜ੍ਹਾਇਆਂ ਬਾਰੇ ਹਮੇਸ਼ਾਂ ਫਿਕਰ ਕੀਤਾ ਏ।

ਮਾਸਟਰ ਜੀ : ਹਜ਼ਾਰਾਂ ਹੀ ਮੇਰੇ ਕੋਲੋਂ ਪੜ੍ਹ ਕੇ ਗਏ ਨੇ, ਹੁਣ ਕੀਹਦਾ ਕੀਹਦਾ ਫਿਕਰ ਕਰਾਂਗਾ... ਪਿੱਛੇ ਉਹ ਗੁਲਜ਼ਾਰ ਮਾਰਿਆ ਗਿਆ, ਉਹ ਕਿੰਨਾ ਚੰਗਾ ਖਿਡਾਰੀ ਸੀ। ਨੈਸ਼ਨਲ ਪੱਧਰ ਦਾ ਕਬੱਡੀ ਦਾ ਪਲੇਅਰ-ਅਖ਼ਬਾਰ ਵਿਚ ਉਹਦੀ ਮੋਏ ਦੀ ਫੋਟੋ ਦੇਖੀ। ਉਹੀ ਪੂਰੇ ਜਲਾਲ ਵਾਲਾ ਚਿਹਰਾ-ਜਿਹੜਾ ਚਿੱਤ ਹੋਇਆ ਪਿਆ ਸੀ ਤੇ ਗੁਲਜ਼ਾਰ ਜੀਹਦੇ ਵਰਗੀ ਖੁਸ਼ਕਤ ਗੁਰਮੁੱਖੀ ਕੋਈ ਨਹੀਂ ਸੀ ਲਿਖਦਾ, ਉਹਦੀ ਵੀ ਇਕ ਦਿਨ ਖ਼ਬਰ ਪੜ੍ਹ ਲਈ, ਉਹਦੇ ਹੱਥ ਦਾ ਲਿਖਿਆ ਮਾਨਪਤ੍ਰ ਹਾਲੇ ਤੱਕ ਮੇਰੇ ਕੋਲ ਸਾਂਭਿਆ ਹੋਇਆ ਏ।... ਬੜੀਆਂ ਖਤਰਨਾਕ ਖੇਡਾਂ ਇਸ ਧਰਤੀ 'ਤੇ ਖੇਡੀਆਂ ਜਾ ਰਹੀਆਂ ਨੇ।

ਭਿੰਦੀ : ਮਾਸਟਰ ਜੀ, ਫੇਰ ਤਾਂ ਮੈਨੂੰ ਵੀ ਘਰੋਂ ਏਧਰ ਓਧਰ ਹੋਣਾ ਪਵੇਗਾ।

ਮਾਸਟਰ ਜੀ : ਇਹ ਤਾਂ ਭੁਪਿੰਦਰ ਤੂੰ ਆਪ ਹੀ ਸੋਚਣਾ ਏ, ਪਰ ਪੁੱਤਰ ਜਦੋਂ ਘਰੋਂ ਨਿਕਲੋ ਤਾਂ ਕਿਹੜੀ ਦਿਸ਼ਾ ਵੱਲ ਜਾਣਾ ਏ, ਉਹਦਾ ਫੈਸਲਾ ਕਰਕੇ ਨਿਕਲੀਂ।

ਭਿੰਦੀ : ਦਿਸ਼ਾ ?

ਮਾਸਟਰ ਜੀ : ਹਾਂ ਪੁੱਤਰਾ, ਜਿਸ ਤਰ੍ਹਾਂ ਹਥਿਆਰ ਚੁੱਕਣ ਤੋਂ ਪਹਿਲਾਂ ਇਹ ਫੈਸਲਾ

ਕਰਨਾ ਜ਼ਰੂਰੀ ਹੁੰਦਾ ਏ ਕਿ ਹਥਿਆਰ ਕਿਸਦੇ ਖਿਲਾਫ ਚੁੱਕੇ ਜਾਣ, ਇਸੇ ਤਰ੍ਹਾਂ ਘਰੋਂ ਬਾਹਰ ਕਦਮ ਰੱਖਣ ਵੇਲੇ ਵੀ ਇਹ ਫੈਸਲਾ ਕਰਨਾ ਜ਼ਰੂਰੀ ਹੁੰਦਾ ਏ ਕਿ ਇਹ ਕਦਮ ਕਿੱਧਰ ਵੱਧਣ ? ਤੇ ਇਹ ਕਦਮ ਚੜ੍ਹਦੇ ਵੱਲ ਜਾਣੇ ਚਾਹੀਦੇ ਹਨ, ਡੁੱਬਦੇ ਵੱਲ ਨਹੀਂ... ਇਹ ਸੰਘਰਸ਼ਾਂ ਦੇ ਅਸੂਲ ਨੇ। ਤੇ ਜ਼ਿੰਦਗੀ ਦੇ ਰੌਂ ਬਦਲਣ ਲਈ ਇਹ ਸੰਘਰਸ਼ ਜ਼ਰੂਰੀ ਨੇ।

*(ਉਹਨੂੰ ਪਿਆਰ ਨਾਲ ਜਫੀ ਵਿਚ ਲੈਂਦਾ ਹੈ ਤੇ ਫੇਰ ਹੌਲੇ ਹੌਲੇ ਬਾਹਰ ਜਾਂਦਾ ਹੈ, ਭਿੰਦੀ ਸੋਚ ਵਿਚ ਹੈ।)*

ਭਿੰਦੀ : (ਸੋਚ ਵਾਲੇ ਲਹਿਜੇ ਵਿਚ) ਜ਼ਿੰਦਗੀ ਦਾ ਰੌਂ ਬਦਲਣ ਲਈ ਸੰਘਰਸ਼ ਜ਼ਰੂਰੀ ਨੇ।

*(ਮਾਂ ਆਉਂਦੀ ਹੈ।)*

ਮਾਂ : ਕਿਸ ਸੋਚ ਵਿਚ ਪਿਆਂ ਏ ? ਮਾਸਟਰ ਜੀ ਕੀ ਦੱਸ ਗਏ ਨੇ ? ਮੈਂ ਤਾਂ ਜਾਣ ਬੁੱਝ ਕੇ ਬਾਹਰ ਚਲੀ ਗਈ ਸਾਂ ਤਾਂ ਜੋ ਮੇਰੀ ਹਾਜ਼ਰੀ ਵਿਚ ਕੁਝ ਦੱਸਣ ਤੋਂ ਝਿਜਕਣ ਨਾ।

ਭਿੰਦੀ : ਕੋਈ ਖਾਸ ਗੱਲ ਨਹੀਂ ਕਹਿੰਦੇ ਸੀ ਕਿ ਪੁਲਿਸ ਵਾਲੇ ਮੇਰੇ ਬਾਰੇ ਉਹਨਾਂ ਕੋਲੋਂ ਪੁੱਛਦੇ ਸੀ।

ਮਾਂ : ਤੇ ਤੂੰ ਕਹਿਨਾ ਏ ਕੋਈ ਖਾਸ ਗੱਲ ਨਹੀਂ ?

ਭਿੰਦੀ : ਆਹੋ ਮਾਂ ਮੈਂ ਕਿਹੜਾ ਕਿਸੇ ਦਾ ਖੂਨ ਕੀਤਾ ਏ ?

ਮਾਂ : ਖੂਨ ਕਰਨ ਵਾਲਿਆਂ ਨੂੰ ਕੌਣ ਪੁਛਦੈ, ਫਸਦੇ ਤਾਂ ਉਹ ਨੇ ਜਿਨ੍ਹਾਂ ਕੁਝ ਨਹੀਂ ਕੀਤਾ ਹੁੰਦਾ।

ਭਿੰਦੀ : ਚੱਲ ਮਾਂ, ਤੂੰ ਕਾਹਨੂੰ ਫਿਕਰ ਕਰਦੀ ਏਂ ? ਹਾਂ ਤੇ ਤੇਰੇ ਨਾਲ ਗੱਲ ਕੀਤੀ ਸੀ ਦੀਪੀ ਬਾਰੇ, ਉਹਦੇ ਕਾਰਖਾਨੇ ਵਿਚ ਉਹਦੇ ਨਾਲ ਮੁੰਡਾ ਕੰਮ ਕਰਦਾ ਏ, ਅਜਮੇਰ, ਹੁਣ ਤਾਂ ਮੈਂ ਉਸਨੂੰ ਦੋਸਤ ਵੀ ਆਖ ਸਕਦਾ ਹਾਂ, ਕਹੇਂ ਤਾਂ ਦੀਪੀ ਬਾਰੇ ਉਹਦੇ ਨਾਲ ਗੱਲ ਕਰ ਵੇਖਾਂ ?

ਮਾਂ : ਜਿਵੇਂ ਠੀਕ ਸਮਝੇਂ, ਦੀਪੀ ਕੋਲੋਂ ਪੁਛ ਦੇਖਿਐ ?

ਭਿੰਦੀ : ਉਹਦੇ ਕੋਲੋਂ ਪੁਛ ਲਿਐ ? ਬਾਪੂ ਨਾਲ ਜਾਂ ਤਾਂ ਤੂੰ ਗੱਲ ਕਰ ਲਵੀਂ ਨਹੀਂ ਤਾਂ ਆਥਣੇ ਮੈਂ ਕਰ ਲਵਾਂਗਾ।

ਮਾਂ : ਆਥਣੇ ਨਹੀਂ ਦੁਪਹਿਰੇ ਕਰੀਂ।

ਭਿੰਦੀ : ਆਥਣੇ ਕਿਉਂ ਨਹੀਂ ?

ਮਾਂ : ਤੇਰੇ ਬਾਪੂ ਦੇ ਦੋ ਰੂਪ ਨੇ, ਆਥਣੇ ਹੋਰ ਤੇ ਦੁਪਹਿਰੇ ਹੋਰ।

*(ਮੁਸਕਾਉਂਦੀ ਹੈ।)*

ਭਿੰਦੀ : ਬਸ ਮਾਂ ਇਸੇ ਤਰ੍ਹਾਂ ਮੁਸਕਰਾਉਂਦੀ ਰਿਹਾ ਕਰ। ਜ਼ਿੰਦਗੀ ਦੀਆਂ

ਬਹੁਤ ਸਾਰੀਆਂ ਸਚਾਈਆਂ ਨੇ, ਜਿਹਨਾਂ ਤੋਂ ਅਸੀਂ ਛੁਟਕਾਰਾ ਨਹੀਂ ਪਾ ਸਕਦੇ, ਇਸ ਲਈ ਖਿੜੇ ਮੱਥੇ ਉਹਨਾਂ ਨੂੰ ਕਬੂਲ ਕਰਨਾ ਪੈਂਦਾ ਏ– ਮਾਂ ਰਾਤ ਵਾਲੀ ਕਮੀਜ਼ ਕਿਥੇ ਏ ? ਮੈਂ ਛੇਤੀ ਕਰਕੇ ਨਹਾ ਲਵਾਂ।

ਮਾਂ : ਨਹਾ ਲੈ। ਕਮੀਜ਼ ਅੰਦਰ ਕਿੱਲੀ ਨਾਲ ਟੰਗੀ ਏ। ਰਾਤੀ ਬਟਨ ਲਗਾ ਦਿੱਤੇ ਸੀ। (ਭਿੰਦੀ ਜਾਂਦਾ ਹੈ।) ਚੱਲ ਮੈਂ ਹੀ ਦੇਨੀ ਹਾਂ, ਐਵੇਂ ਉੱਥਲ ਪੁੱਥਲ ਕਰੇਂਗਾ।

*(ਉਹ ਵੀ ਬਾਹਰ ਜਾਂਦੀ ਹੈ।)*

## (ਝਾਕੀ ਤੀਸਰੀ)

(ਪਹਿਲੀ ਝਾਕੀ ਵਾਂਗ ਹੀ ਦੀਪੀ ਮਾਂ ਕੋਲ ਬੈਠੀ ਹੈ।)

ਮਾਂ : ਤੇਰੇ ਭਾਪੇ ਨੂੰ ਫੇਰ ਥਾਣੇ ਬੁਲਾਇਆ ਏ, ਮੈਨੂੰ ਤਾਂ ਡਰ ਖਾਈ ਜਾਂਦਾ ਏ।

ਦੀਪੀ : ਘੜੀ ਮੁੜੀ ਬੁਲਾਈ ਰਖਦੇ ਨੇ ਪਤਾ ਨਹੀਂ ਭਾਪੇ ਕੋਲੋਂ ਉਹਨਾਂ ਨੇ ਕੀ ਕਢਵਾਉਣਾ ਏ। ਭਾਪਾ ਭਿੰਦੀ ਨੂੰ ਕਿਥੋਂ ਪੇਸ਼ ਕਰੇ ?

ਮਾਂ : ਏਨੇ ਸਾਲਾਂ ਬਾਅਦ ਇਸ ਘਰ 'ਚ ਕੋਈ ਖੁਸ਼ੀ ਦੀ ਗੱਲ ਹੋਈ ਹੈ ਤੇ ਉਤੋਂ ਇਹ ਵਿਘਨ ਆ ਗਿਆ ਏ।

ਦੀਪੀ : ਪਰ ਮਾਂ, ਭਿੰਦੀ ਵੀਰ ਜੇ ਥਾਣੇ ਪੇਸ਼ ਹੋ ਜਾਏ, ਸ਼ਾਇਦ ਕੁਝ ਵੀ ਨਾ ਹੋਵੇ, ਵੀਰ ਨੇ ਕਿਹੜਾ ਕੋਈ ਗੁਨਾਹ ਕੀਤੈ ?

ਮਾਂ : ਜੇ ਉਹ ਥਾਣੇ ਪੇਸ਼ ਹੋ ਜਾਏ ਤਾਂ ਕੀ ਪਤੈ, ਕੀ ਕੀ ਕੇਸ ਪਾ ਦੇਣ। ਉਹਨਾਂ ਦੇ ਹੱਥ ਕੋਈ ਪਕੜ ਸਕਦੈ ?

ਦੀਪੀ : ਜੇਕਰ ਪਿੰਡ ਦੀ ਪੰਚਾਇਤ ਨਾਲ ਜਾਏ ਫੇਰ ?

ਮਾਂ : ਪੰਚਾਇਤ ਨਹੀਂ ਹੁਣ ਨਾਲ ਤੁਰਦੀ। ਥਾਣੇ ਵਾਲੇ ਪੰਚਾਇਤ ਦਾ ਕਿਹੜਾ ਲਿਹਾਜ਼ ਕਰਦੇ ਨੇ, ਪੰਚ ਕਹਿੰਦੇ ਨੇ ਅਸੀਂ ਆਪਣੀ ਦਾੜ੍ਹੀ ਥੋੜ੍ਹੀ ਪਟਵਾਉਣੀ ਏ।

ਦੀਪੀ : ਪਰ ਮਾਂ ਜੇਕਰ ਵੀਰ ਕੋਲ ਨਾ ਹੋਇਆ ਤੇ ਮੈਂ ਇਹ ਵਿਆਹ ਨਹੀਂ ਕਰਵਾਉਣਾ। ਤੁਸੀਂ ਇਹ ਕਾਰਜ ਅਗੇ ਪਾ ਦਿਓ।

ਮਾਂ : ਨਾ ਇਹ ਗੱਲ ਨਾ ਕਰ। ਇਹ ਖਿੱਚ ਧੂਹ ਤਾਂ ਹੁਣ ਇਥੇ ਚਲਦੀ ਰਹਿਣੀ ਏ। ਨਾਲੇ ਕੱਲ ਦੀ ਤਰੀਖ ਦਾ ਫੈਸਲਾ ਭਿੰਦੀ ਨੇ ਆਪ ਕੀਤਾ ਹੋਇਆ ਏ। ਤੇ ਜ਼ਿੰਮੇਵਾਰੀ ਸਾਰੀ ਮਾਸਟਰ ਜੀ ਨੇ ਲਈ ਹੋਈ ਏ। ਬਸ ਤੂੰ ਇਹ ਯਕੀਨ ਰੱਖ, ਤੇਰਾ ਵੀਰ ਵੇਲੇ ਸਿਰ ਭੈਣ ਨੂੰ ਅਸ਼ੀਰਵਾਦ ਦੇਣ ਲਈ ਜ਼ਰੂਰ ਆਏਗਾ।

*(ਬਾਹਰੋਂ ਕਿਹਰ ਸਿੰਘ ਦੀ ਗੁੱਸੇ ਦੀ ਆਵਾਜ਼ ਆਉਂਦੀ ਹੈ 'ਲੈ*

*ਹੁਣ ਮੈਂ ਤੁਹਾਨੂੰ ਦਸਾਂਗਾ ਕਿ ਭਿੰਦੀ ਕਿਥੇ ਏ ?' ਅੰਦਰ ਆਉਂਦਾ ਹੈ।)*

ਮਾਂ : ਭਿੰਦੀ ਦੇ ਭਾਪਾ, ਅੱਜ ਤਾਂ ਸੱਬਰ ਕਰ ਲੈਣਾ ਸੀ।

ਕਿਹਰ ਸਿੰਘ : ਮੈਂ ਸੱਬਰ ਹੀ ਕੀਤਾ ਹੋਇਆ ਏ, ਮੈਂ ਬਿਲਕੁਲ ਨਹੀਂ ਪੀਤੀ। ਬਸ ਕੱਲ ਦੀਪੀ ਆਪਣੇ ਘਰ ਚਲੀ ਜਾਏਗੀ, ਫੇਰ ਮੈਂ ਉਸ ਟੱਕੇ ਦੇ ਥਾਣੇਦਾਰ ਦੀ ਹਰ ਗੱਲ ਦਾ ਜਵਾਬ ਟਕੇ ਵਾਂਗ ਦੇਵਾਂਗਾ।

ਮਾਂ : ਕਦੀ ਲਛਮਣ ਟੱਕੇ ਦਾ ਬੰਦਾ ਹੋ ਜਾਂਦਾ ਏ ਤੇ ਕਦੀ ਥਾਣੇਦਾਰ।

ਕਿਹਰ ਸਿੰਘ : ਜਿਹੜਾ ਬੰਦਾ ਹੈਗਾ ਹੀ ਟੱਕੇ ਦਾ, ਉਹ ਟੱਕੇ ਦਾ ਹੀ ਰਹੇਗਾ, ਭਾਵੇਂ ਵੱਡੀ ਤੋਂ ਵੱਡੀ ਕੁਰਸੀ 'ਤੇ ਬੈਠ ਜਾਏ।

ਮਾਂ : ਤੇਰਾ ਤਾਂ ਜੋ ਵਿਗੜਣਾ ਏ, ਉਹ ਤਾਂ ਵਿਗੜੇਗਾ ਹੀ, ਪਰ ਭਿੰਦੀ ਦੇ ਜੇ ਉਹ ਵੈਰ ਪੈ ਗਿਆ।

ਕਿਹਰ ਸਿੰਘ : ਭਿੰਦੀ ਉਸਦੀ ਕਿਹੜੀ ਪ੍ਰਵਾਹ ਕਰਦਾ ਏ ? ਉਹ ਕਹਿਣ ਲੱਗਾ ਕਿਹਰ ਸਿਆਂ, ਤੇਰੇ ਜੁੱਤੀਆਂ ਲਗਣ ਵਾਲੀਆਂ ਨੇ ਮੈਂ ਕਿਹਾ ਤੂੰ ਦਸ ਗਿਣ ਕੇ ਮਾਰ ਲੈ, ਪਰ ਜਦੋਂ ਮੇਰੀ ਇਕ ਵੱਜੀ, ਉਹ ਤੇਰੇ ਕੋਲੋਂ ਨਹੀਂ ਸਹਿ ਹੋਣੀ।

ਮਾਂ : ਨਾ ਉਹ ਕਹਿੰਦੇ ਕੀ ਨੇ ਚੌਂਕੀ ਵਾਲੇ ?

ਕਿਹਰ ਸਿੰਘ : ਇਹੋ ਕਿ ਭਿੰਦੀ ਨੂੰ ਪੇਸ਼ ਕਰੋ।

ਮਾਂ : ਤੂੰ ਦਸਣਾ ਸੀ ਕਿ ਭਿੰਦੀ ਉਹਨਾਂ ਮੁੰਡਿਆਂ ਨਾਲ ਨਹੀਂ, ਜਿਨ੍ਹਾਂ ਬਾਰੇ ਕਿਹਾ ਜਾਂਦਾ ਏ ਕਿ ਉਹ ਹਥਿਆਰ ਚੁੱਕੀ ਕਤਲ ਕਰਦੇ ਨੇ।

ਕਿਹਰ ਸਿੰਘ : ਪਰ ਭਿੰਦੀ ਸਰਕਾਰ ਵੱਲ ਵੀ ਨਹੀਂ, ਤੇ ਉਹਨਾਂ ਨੂੰ ਇਸ ਗੱਲ ਦਾ ਗੁੱਸਾ ਏ ਕਿ ਭਿੰਦੀ ਤੇ ਉਹਦੇ ਸਾਥੀ ਸਰਕਾਰ ਦੀ ਭੰਡੀ ਕਰਦੇ ਨੇ।

ਦੀਪੀ : ਪਰ ਭਿੰਦੀ ਵੀਰ ਨੇ ਮਾੜੀ ਗੱਲ ਥੋੜੀ ਆਖੀ ਸੀ ? ਜੇ ਉਹ ਦਰਸ਼ਨ ਨੂੰ ਨਹੀਂ ਫੜ ਸਕਦੇ ਤਾਂ ਉਹਨਾ ਦੇ ਘਰ ਵਾਲਿਆਂ ਨੂੰ ਕਿਉਂ ਤੰਗ ਕਰਨ ?

ਮਾਂ : ਪਰ ਭਿੰਦੀ ਨੂੰ ਕੀ ਲੋੜ ਪਈ ਸੀ, ਉਹਨਾਂ ਦੀਆਂ ਗੱਲਾਂ ਵਿਚ ਦਖ਼ਲ ਦੇਵੇ, ਜਦੋਂ ਉਹਦੀ ਦਰਸ਼ਨ ਹੋਰਾਂ ਨਾਲ ਕੋਈ ਸਾਂਝ ਨਹੀਂ।

ਦੀਪੀ : ਪਰ ਮਾਂ ਇਨਸਾਨੀਅਤ ਨਾਤੇ ਵੀ ਬੰਦੇ ਦੇ ਫਰਜ਼ ਹੁੰਦੇ ਨੇ।

ਕਿਹਰ ਸਿੰਘ : ਠੀਕ ਕਹਿਦੀ ਏ ਦੀਪੀ–ਘਰ ਵਾਲੇ ਕੀ ਕਰਨ, ਮੁੰਡੇ ਉਹਨਾਂ ਕੋਲੋਂ ਪੁੱਛਕੇ ਥੋੜਾ ਕੁਝ ਕਰਦੇ ਨੇ ?

ਮਾਂ : ਫੇਰ ਤੂੰ ਥਾਣੇਦਾਰ ਨੂੰ ਕੀ ਕਹਿਕੇ ਆਇਆ ਏ ?

ਕਿਹਰ ਸਿੰਘ : ਮੈਂ ਕਿਹਾ ਮੁੰਡਾ ਘਰ ਆਇਆ, ਤੁਹਾਡੇ ਕੋਲ ਭੇਜ ਦੇਵਾਂਗਾ ਜਾਂ

ਸਰਪੰਚ ਹੋਰਾਂ ਨੂੰ ਨਾਲ ਲੈ ਕੇ ਆਪ ਹੀ ਆ ਜਾਵਾਂਗਾ।

ਮਾਂ : ਫੇਰ?

ਕਿਹਰ ਸਿੰਘ : ਉਹਨਾਂ ਨੇ ਕਿਹਾ ਕਿ ਆਵੇਗਾ ਜ਼ਰੂਰ, ਭੈਣ ਦੇ ਵਿਆਹ 'ਤੇ ਆਵੇਗਾ ਹੀ।

ਮਾਂ : ਉਹਨਾਂ ਨੂੰ ਵਿਆਹ ਬਾਰੇ ਕਿਸ ਦੱਸਿਆ?

ਕਿਹਰ ਸਿੰਘ : ਉਹਨਾਂ ਨੂੰ ਪਤਾ ਸੀ, ਹੋਣ ਵਾਲੇ ਪ੍ਰਾਹੁਣੇ ਬਾਰੇ ਵੀ ਪਤਾ ਸੀ, ਸਾਰੀਆਂ ਤਾਂ ਲਿਸਟਾਂ ਉਹ ਬਣਾਈ ਫਿਰਦੇ ਨੇ।

ਮਾਂ : ਫੇਰ ਹੁਣ ਕੀ ਕਰਨਾ ਏ?

ਕਿਹਰ ਸਿੰਘ : ਕਰਨਾ ਕੀ ਏ, ਜੋ ਹੋਵੇਗਾ ਦੇਖੀ ਜਾਏਗੀ।

ਮਾਂ : (ਉਦਾਸ ਹੋ ਕੇ) ਅਗੋਂ ਦੀਪੀ ਦਾ ਸਾਕ ਪੱਕਾ ਕੀਤਾ, ਉਹ ਸਿਰੇ ਨਾ ਚੜ੍ਹਿਆ, ਉਹਨਾਂ ਦੀਆਂ ਮੰਗਾਂ ਪੂਰੀਆਂ ਨਾ ਹੋਈਆਂ ਤੇ ਹੁਣ...?

ਕਿਹਰ ਸਿੰਘ : ਹੁਣ ਵੀ ਕੁਝ ਹੋ ਜਾਊ, ਇਥੇ ਤਾਂ ਸਭ ਕੁਝ ਦਲਦਾ ਹੀ ਰਹਿਣਾ ਏ, ਬੰਦਾ ਕਿਥੇ ਕਿਥੇ ਦਾ ਫਿਕਰ ਕਰੇ।

*(ਮਾਸਟਰ ਜੀ ਆਉਂਦੇ ਹਨ।)*

ਮਾਸਟਰ ਜੀ : ਆ ਗਿਐ ਕਿਹਰ ਸਿਆਂ ਥਾਣੇ ਤੋਂ ਵਾਪਸ? ਹੁਣ ਹੋਰ ਕੀ ਕਿਹਾ?

ਕਿਹਰ ਸਿੰਘ : ਮਾਸਟਰ ਜੀ, ਉਹੋ ਹੀ ਪੁਰਾਣੀ ਗੱਲ, ਭਿੰਦੀ ਨੂੰ ਪੇਸ਼ ਕਰੋ, ਹੁਣ ਤੁਸੀਂ ਦਸੋ ਕੀ ਕਰੀਏ?

ਮਾਸਟਰ ਜੀ : ਮੇਰੇ ਆਉਣ ਤੋਂ ਪਹਿਲਾਂ ਤੂੰ ਕੀ ਪਿਆ ਕਹਿੰਦਾ ਸੀ?

ਕਿਹਰ ਸਿੰਘ : ਇਹੋ ਕਿ ਇਥੇ ਸਭ ਚਲਦੇ ਹੀ ਰਹਿਣਾ ਏ, ਬੰਦਾ ਕਿਸ ਕਿਸ ਦਾ ਫਿਕਰ ਕਰੇ?

ਮਾਸਟਰ ਜੀ : ਬਸ ਮੈਂ ਵੀ ਇਹੋ ਕਹਿੰਦਾ ਹਾਂ, ਜਿਸ ਤਰ੍ਹਾਂ ਫੈਸਲਾ ਹੋਇਆ ਏ, ਦੀਪੀ ਦਾ ਕਾਰਜ ਕੱਲ ਗੁਰਦੁਆਰੇ 'ਚ ਸਾਰੇ ਪਿੰਡ ਵਾਲਿਆਂ ਦੀ ਹਾਜ਼ਰੀ 'ਚ ਨੇਪਰੇ ਚੜ੍ਹੇਗਾ।

ਮਾਂ : ਪਰ ਮਾਸਟਰ ਜੀ ਦੀਪੀ ਕਹਿੰਦੀ ਏ ਕਿ ਵੀਰ ਦੇ ਆਉਣ ਤੋਂ ਬਿਨਾਂ ਉਹਨੇ ਵਿਆਹ ਨਹੀਂ ਕਰਨਾ।

ਮਾਸਟਰ ਜੀ : ਉਹ ਵੀ ਆ ਜਾਵੇਗਾ ਪਤਾ ਤਾਂ ਉਹਨੂੰ ਵੀ ਸਾਰਾ ਏ।

ਕਿਹਰ ਸਿੰਘ : ਪਰ ਮਾਸਟਰ ਜੀ, ਜੇ ਉਹ ਆਇਆ ਤਾਂ ਪੁਲਿਸ ਵਾਲਿਆਂ ਨੇ ਉਹਨੂੰ ਛੱਡਣਾ ਨਹੀਂ।

ਮਾਸਟਰ ਜੀ : ਵੇਖ ਲਵਾਂਗੇ ਸਭ ਕੁਝ, ਉਂਝ ਪੁਲਿਸ ਵਾਲਿਆਂ ਨੇ ਜੋ ਕੁਝ ਕਰਨਾ ਏ, ਉਹ ਵੀ ਕਰ ਲਿਆ ਹੇ ਤੇ ਦਰਸ਼ਨ ਹੋਰਾਂ ਨੇ ਜੋ ਕਾਰਾ ਕਰਨਾ ਏ, ਉਹ ਵੀ ਕਰ ਲਿਆ ਏ।

ਕਿਹਰ ਸਿੰਘ : ਕੀ ਹੋਇਆ ?

ਮਾਸਟਰ ਜੀ : ਪੁਲਿਸ ਵਾਲਿਆਂ ਨੇ ਦਰਸ਼ਨ ਹੋਰਾਂ ਦੇ ਘਰ ਅੱਗ ਲਾਈ। ਬੰਦਾ ਤਾਂ ਉਸ ਵੇਲੇ ਘਰ ਕੋਈ ਨਹੀਂ ਸੀ, ਦਰਸ਼ਨ ਸਿੰਘ ਦੀ ਦਾਦੀ, ਮਾਸੀ ਉਹਦੀ ਭੈਣ ਤਿੰਨ ਸਾਲ ਦੀ ਭਾਣਜੀ ਅੰਦਰ ਹੀ ਸੜਕੇ ਮਰ ਗਈਆਂ ਵਿਚਾਰੀਆਂ।

ਮਾਂ : ਹਤਿਆਰੇ, ਇਹਨਾਂ ਦਾ ਕੱਖ ਨਾ ਰਹੇ।

ਮਾਸਟਰ ਜੀ : ਤੇ ਦਰਸ਼ਨ ਹੋਰਾਂ ਰਾਤੀ ਉਸ ਪਿੰਡ ਦੇ ਸਰਪੰਚ ਨੂੰ ਮਾਰ ਦਿੱਤਾ ਏ ਕਿ ਉਹਦੀ ਹਾਜ਼ਰੀ ਵਿਚ ਅੱਗ ਲੱਗੀ ਤੇ ਸਰਪੰਚ ਨੇ ਦਖ਼ਲ ਅੰਦਾਜ਼ੀ ਕਿਉਂ ਨਹੀਂ ਕੀਤੀ ?

ਮਾਂ : ਨਾ ਸਰਪੰਚ ਵਿਚਾਰੇ ਦਾ ਕੀ ਕਸੂਰ ? ਪੁਲਿਸ ਵਾਲੇ ਸਰਪੰਚਾਂ ਕੋਲੋਂ ਪੁਛਕੇ ਕੁਝ ਕਰਦੇ ਨੇ ?

ਕਿਹਰ ਸਿੰਘ : ਉਹ ਤਾਂ ਮਾਸਟਰ ਜੀ ਬਹੁਤ ਹੀਮਾੜਾ ਹੋਇਆ ਭਲਾ ਪੁਲਿਸ ਵਾਲਿਆਂ ਨੂੰ ਔਰਤਾਂ ਤੇ ਬੁੱਢੀ ਦਾਦੀ ਤੇ ਨਿੱਕੀ ਬੱਚੀ ਮਾਰ ਕੇ ਕੀ ਮਿਲਿਆ ?

ਮਾਸਟਰ ਜੀ : ਇਹ ਉਹਨਾਂ ਦਾ ਦਸਤੂਰ ਏ ਤੇ ਦਰਸ਼ਨ ਹੋਰਾਂ ਨੇ ਇਹ ਕਿਉਂ ਕੀਤਾ ਇਏ ਉਹਨਾਂ ਦਾ ਦਸਤੂਰ ਏ।

ਕਿਹਰ ਸਿੰਘ : ਪਰ...

ਮਾਸਟਰ ਜੀ : ਪਰ ਪੁਰ ਕੁਝ ਨਹੀਂ। ਤੈਨੂੰ ਤਾਂ ਪਤਾ ਏ ਪੁਲਿਸ ਭੁਪਿੰਦਰ ਦੇ ਕਿਉਂ ਵੈਰ ਪਈ ? ਕਿਉਂਕਿ ਉਹਨੇ ਉਸ ਦਿਨ ਦਰਸ਼ਨ ਹੋਰਾਂ ਦੇ ਘਰ ਉਹ ਕਾਰਾ ਹੋਣੋਂ ਰੋਕ ਦਿੱਤਾ ਜੋ ਪੁਲਿਸ ਵਾਲਿਆਂ ਨੇ ਕੱਲ ਕਰ ਦਿੱਤਾ ਪਰ ਦਰਸ਼ਨ ਹੋਰਾਂ ਦੀ ਧਿਰ ਨੇ ਇਹ ਜਾਣਦਿਆਂ ਵੀ ਭੁਪਿੰਦਰ ਨਾਲ ਦੁਸ਼ਮਣੀ ਨਹੀਂ ਛੱਡਣੀ ਕਿਉਂ ਕਿ ਇਹ ਉਹਨਾਂ ਨੇ ਦਸਤੂਰ ਮੰਨ ਲਿਆ ਹੈ ਕਿ ਜਿਹੜਾ ਉਹਨਾਂ ਨਾਲ ਸਹਿਮਤ ਨਹੀਂ, ਉਹਨੂੰ ਪੰਜਾਬ ਵਿਚ ਜੀਣ ਦਾ ਕੋਈ ਹੱਕ ਨਹੀਂ ਤੇ ਇਹ ਵਰਤਾਰਾ ਧਰਤੀ 'ਤੇ ਚਲਦਾ ਪਿਆ ਏ ਤੇ ਇਹ ਚਲਦਾ ਰਹੇਗਾ ਕਿਉਂਕਿ ਲੋਕ ਚੁੱਪ ਨੇ। ਉਹ ਡਰ ਗਏ ਨੇ।

ਦੀਪੀ : ਨਹੀਂ ਮਾਸਟਰ ਜੀ, ਇਹ ਗੱਲ ਨਹੀਂ, ਸਾਰੇ ਲੋਕ ਚੁੱਪ ਨਹੀਂ ਕਰ ਗਏ। ਕੁਝ ਇਥੇ ਜ਼ਰੂਰ ਨੇ ਜਿਹੜੇ ਨਾ ਚੁੱਪ ਬੈਠੇ ਨੇ ਤੇ ਨਾ ਹੀ ਡਰੇ ਨੇ। ਉਹ ਤਾਂ ਸੰਘਰਸ਼ ਕਰ ਰਹੇ ਨੇ ਤੇ ਉਹਨਾਂ ਦਾ ਇਹ ਸੰਘਰਸ਼ ਸਮਾਜ ਇਨਸਾਫ ਦੇ ਵੱਡੇ ਸੰਘਰਸ਼ ਦਾ ਇਕ ਹਿੱਸਾ ਏ।

*(ਭਿੰਦੀ ਆਉਂਦਾ ਹੈ।)*

ਮਾਂ : ਤੂੰ ਭਿੰਦੀ ?

ਭਿੰਦੀ : ਹਾਂ ਮਾਂ, ਮੈਂ ਕਿਹਾ ਕੱਲ ਦੀਪੀ ਨੇ ਚਲੇ ਜਾਣਾ ਏ, ਭੈਣ ਨੂੰ ਵੀਰ ਦਾ ਅਸ਼ੀਰਵਾਦ ਮਿਲਣਾ ਹੀ ਚਾਹੀਦਾ ਏ।

*(ਸਾਰਿਆਂ ਨੂੰ ਮਿਲਦਾ ਹੈ।)*

ਮਾਂ : ਇਹ ਤਾਂ ਕਹਿ ਰਹੀ ਸੀ, ਜੇ ਵੀਰ ਨਾ ਆਇਆ ਤਾਂ ਮੈਂ ਜਾਣਾ ਹੀ ਨਹੀਂਉਂ

ਭਿੰਦੀ : ਕਿਉਂ ਦੀਪੀ ?

ਦੀਪੀ : ਹਾਂ ਮੈਂ ਕਿਹਾ ਸੀ...

ਭਿੰਦੀ : (ਉਹਦੇ ਕੋਲ ਜਾ ਕੇ) ਪਰ ਇਸ ਵਿਚ ਵਿਚਾਰੇ ਅਜਮੇਰ ਦਾ ਕੀ ਕਸੂਰ ਏ ?... ਹਾਂ ਤੇ ਬਾਪੂ ਉਹ ਥਾਣੇਦਾਰ ਕੀ ਕਹਿੰਦਾ ਸੀ ?

ਕਿਹਰ ਸਿੰਘ : ਕਹਿੰਦਾ ਸੀ ਭਿੰਦੀ ਨੂੰ ਪੇਸ਼ ਕਰੋ, ਬੜਾ ਤੱਤਾ ਬੋਲਦਾ ਸੀ ?

ਭਿੰਦੀ : ਕਿਹੋ ਜਿਹਾ ਤੱਤਾ ?

ਕਿਹਰ ਸਿੰਘ : ਜਿਹੋ ਜਿਹਾ ਪੁਲਿਸ ਵਾਲੇ ਬੋਲਦੇ ਹੀ ਹੁੰਦੇ ਨੇ, ਮੈਂ ਵੀ ਕਿਹਾ ਬੋਲ ਲੈ, ਅਗੇ ਅਸੀਂ ਇਹੋ ਜਿਹੀਆਂ ਕਿਹੜੀਆਂ ਨਹੀਂ ਸੁਣੀਆਂ–ਬੈਂਕ ਵਾਲੇ ਹੋਣ, ਸੋਸਾਇਟੀ ਵਾਲੇ ਹੋਣ ਇਸੇ ਤਰ੍ਹਾਂ ਹੀ ਬੋਲਦੇ ਨੇ।

ਭਿੰਦੀ : ਪਰ ਬਾਪੂ ਉਹ ਤੇਰਾ ਪਿੱਛਾ ਨਹੀਂ ਛੱਡਣ ਲਗੇ, ਫੇਰ ਬੁਲਾਉਣਗੇ।

ਕਿਹਰ ਸਿੰਘ : ਬੁਲਾਉਂਦੇ ਰਹਿਣ। ਕੱਲ ਦੀਪੀ ਦਾ ਕਾਰਜ ਪੂਰਾ ਹੋ ਜਾਏ ਫੇਰ ਭਾਵੇਂ ਉਹ ਪੱਕੇ ਤੌਰ 'ਤੇ ਮੈਨੂੰ ਉਥੇ ਰੱਖਣ। ਜਵਾਈ ਬਣਕੇ ਉਥੇ ਹੀ ਰਵਾਂਗਾ।

ਭਿੰਦੀ : ਪਰ ਬਾਪੂ, ਉਥੇ ਜਵਾਈਆਂ ਦੀ ਖਾਤਰ ਹੋਰ ਤਰ੍ਹਾਂ ਦੀ ਹੁੰਦੀ ਏ।

ਕਿਹਰ ਸਿੰਘ : ਪਈ ਹੁੰਦੀ ਰਹੇ, ਪਰ ਇਹ ਥੋੜ੍ਹੀ ਗੱਲ ਏ ਕਿ ਬੰਦਾ ਸਰਕਾਰ ਨੂੰ ਜਵਾਈ ਬਣਕੇ ਟੱਕਰਿਆ ਏ।

ਮਾਂ : ਬਸ ਗੱਲਾਂ ਜਿਨੀਆਂ ਮਰਜ਼ੀ ਕਰਵਾ ਲਵੋ।

ਮਾਸਟਰ ਜੀ : ਭੁਪਿੰਦਰ, ਦਰਸ਼ਨ ਦਾ ਘਰ ਸਾੜਣ ਵਾਲੀ ਖ਼ਬਰ ਦਾ ਤੈਨੂੰ ਪਤਾ ਏ?

ਭਿੰਦੀ : ਹਾਂ ਮਾਸਟਰ ਜੀ, ਤੇ ਦਰਸ਼ਨ ਹੋਰਾਂ ਦੇ ਪਿੰਡ ਸਰਪੰਚ ਹਜ਼ਾਰਾ ਸਿੰਘ ਦੇ ਕਤਲ ਦੀ ਖ਼ਬਰ ਵੀ ਮਿਲ ਗਈ ਏ।

ਮਾਸਟਰ ਜੀ : ਉਹ ਸਰਪੰਚ ਚੰਗਾ ਬੰਦਾ ਸੀ ਤੇ ਦਰਸ਼ਨ ਹੋਰਾਂ ਨੇ ਛੱਡਿਆ ਉਹਨੂੰ ਵੀ ਨਹੀਂ।

ਭਿੰਦੀ : ਛੱਡਣਗੇ ਉਹ ਸਾਨੂੰ ਵੀ ਨਹੀਂ ਪਰ ਇਹ ਤਾਂ ਸਭ ਕੁਝ ਚਲਦਾ ਹੀ ਏ... ਮਾਸਟਰ ਜੀ ਕੱਲ ਦੀ ਤਿਆਰੀ ਹੋ ਗਈ ?

ਮਾਸਟਰ ਜੀ : ਸਭ ਕੁਝ ਠੀਕ ਹੋ ਗਿਆ, ਤੇਰੀ ਉਡੀਕ ਸੀ, ਤੂੰ ਵੀ ਆ ਗਿਆ।

ਭਿੰਦੀ : ਮੈਨੂੰ ਤਾਂ ਮਾਸਟਰ ਜੀ, ਹੁਣੇ ਜਾਣਾ ਹੀ ਪਏਗਾ।

ਮਾਂ : ਕਿਉਂ ?

ਮਾਂ : ਕਿਉਂ ?

ਦੀਪੀ : ਨਹੀਂ ਵੀਰੇ ਮੈਂ ਨਹੀਂ ਜਾਣ ਦੇਣਾ।

*(ਇਥੇ ਮਾਂ ਲਹੂ ਸਿਮਦਾ ਦੇਖਦੀ ਹੈ)*

ਮਾਂ : ਪਰ ਤੇਰੇ ਇਹ ਲਹੂ ਕਿਉਂ ਲੱਗਿਆ ਏ ?

ਭਿੰਦੀ : (ਜਿਸ ਤਰ੍ਹਾਂ ਕੁਝ ਛੁਪਾ ਰਿਹਾ ਹੋਵੇ) ਕੁਝ ਨਹੀਂ ਮਾਂ, ਐਵੇਂ ਝਰੀਟ ਜਿਹੀ ਆਈ ਏ, ਹਨੇਰੇ ਵਿਚ ਕੰਡਿਆਂਵਾਲੀ ਝਾੜੀ ਨਹੀਂ ਸੀ ਦਿਸੀ।

ਮਾਂ : ਮੇਰੇ ਕੋਲੋਂ ਕੁਝ ਛੁਪਾ ਰਿਹਾ ਏ ?

ਮਾਸਟਰ ਜੀ : ਭਿੰਦੀ ਗੱਲ ਕੀ ਹੋਈ ਏ ?

ਭਿੰਦੀ : ਇਹ ਤਾਂ ਮਾਸਟਰ ਜੀ, ਨਿੱਤ ਵਾਪਰਨ ਵਾਲੀ ਇਕ ਗੱਲ ਏ।

ਮਾਂ : ਨਿਤ ਵਾਪਰਨ ਵਾਲੀ ?

ਭਿੰਦੀ : ਹਾਂ ਮਾਂ, ਏਧਰ ਹੀ ਆ ਰਿਹਾ ਸਾਂ, ਹਨੇਰੇ ਵਿਚ ਦੋਨੋਂ ਧਿਰਾਂ ਇਕ ਦੂਜੇ ਦੇ ਵਿਰੁੱਧ ਘਾਤ ਲਗਾ ਕੇ ਬੈਠੀਆਂ ਸਨ, ਪਹਿਲੇ ਇਕ ਪਾਸੇ ਤੋਂ ਗੋਲੀ ਚੱਲੀ ਤੇ ਫੇਰ ਦੂਜੇ ਪਾਸੇ ਤੋਂ... ਇਹ ਨਿਤ ਹੀ ਵਾਪਰਦਾ ਏ, ਇਕ ਪਾਸੇ ਪੁਲਿਸ ਅਤੇ ਦੂਜੇ ਪਾਸੇ ਦਰਸ਼ਨ ਹੋਰੀ, ਤੇ ਨਪੀੜੇ ਜਾ ਰਹੇ ਨੇ ਵਿਚਾਲੇ ਲੋਕ... ਪਰ ਫਿਕਰ ਵਾਲੀ ਗੱਲ ਕੋਈ ਨਹੀਂ, ਸਭ ਠੀਕ ਏ (ਗੱਲ ਬਦਲ ਕੇ) ਬਾਪੂ ਕੱਲ ਲਈ ਤੂੰ ਗੁਲਾਬੀ ਪੱਗ ਬਣਾ ਲਈ ਏ ?

ਕਿਹਰ ਸਿੰਘ : ਹਾਂ, ਤੇ ਮੇਰੇ ਲਈ ਵੀ... ਮਾਇਆ ਲੱਗੀ ਪੱਗ।

ਭਿੰਦੀ : ਬਾਪੂ ,ਉਹ ਪੱਗ ਮੈਨੂੰ ਬੰਨਕੇ ਵਿਖਾ... ਮੈਂ ਤੈਨੂੰ ਖੁਸ਼ ਵੇਖਣਾ ਚਾਹੁੰਦਾ ਹਾਂ, ਬਹੁਤ ਖੁਸ਼, ਬਿਨਾਂ ਪੀਤਿਆਂ ਖੁਸ਼ ਅਤੇ ਖਿੜਿਆ ਹੋਇਆ।

ਕਿਹਰ ਸਿੰਘ : ਪਰ... ?

ਭਿੰਦੀ : ਪਰ ਪੁਰ ਕੁਝ ਨਹੀਂ, ਬਾਪੂ ਮੇਰੇ ਕੋਲ ਸਮਾਂ ਥੋੜਾ ਏ।

ਕਿਹਰ ਸਿੰਘ : ਅੱਛਾ...।

*(ਜਾਂਦਾ ਹੈ।)*

ਭਿੰਦੀ : (ਪਹਿਲੇ ਉਹਨੂੰ ਜਾਂਦਾ ਵੇਖਦਾ ਹੈ ਤੇ ਫੇਰ ਮਾਸਟਰ ਜੀ ਵੱਲ ਵੇਖਦਾ ਹੈ) ਮਾਸਟਰ ਜੀ, ਕੱਲ ਇਸ ਘਰ ਵਿਚ ਬੜੀ ਖੁਸ਼ੀ ਵਾਲਾ ਦਿਨ ਹੋਵੇਗਾ ਸਾਲਾਂ ਬਾਅਦ ਖੁਸ਼ੀ ਦਾ ਦਿਨ (ਭੈਣ ਦੇ ਡੁਸਕਣ ਦੀ ਆਵਾਜ਼) ਲੈ ਕਮਲੀ, ਰੋਂਦੀ ਕਿਉਂ ਏਂ ? (ਬਾਪੂ ਗੁਲਾਬੀ ਸਮਲੇ ਵਾਲੀ ਪੱਗ ਬੰਨਕੇ ਆਉਂਦਾ ਹੈ।) ਲੈ ਮਾਂ, ਦੇਖ ਬਾਪੂ ਗੁਲਾਬੀ ਪੱਗ ਵਿਚ ਕਿਵੇਂ ਫੱਬਦਾ ਏ (ਮਾਸਟਰ ਜੀ) ਤੇ ਮਾਸਟਰ ਜੀ ਇਹ ਗੁਲਾਬੀ

ਪੱਗ ਕੀ ਕਹਿੰਦੀ ਏ।

ਮਾਸਟਰ ਜੀ : ਭੁਪਿੰਦਰ, ਇਹ ਕਹਿੰਦੀ ਏ ਕਿ ਵਰਦੀਆਂ ਗੋਲੀਆਂ ਵਿਚ ਵੀ ਜ਼ਿੰਦਗੀ ਨੇ ਆਪਣੀ ਮੱਟਕ ਜਾਰੀ ਰੱਖਣੀ ਏ।

ਭਿੰਦੀ : ਹਾਂ ਮਾਸਟਰ ਜੀ ਇਹ ਹੈ ਇਸ ਸ਼ਗਨਾਂ ਭਰੀ ਧਰਤੀ ਦੀ ਰਵਾਇਤ। ਇਹ ਤੁਸੀਂ ਹੀ ਹਮੇਸ਼ਾਂ ਕਿਹਾ ਕਰਦੇ ਸਨ।

*(ਬਾਪੂ ਨੂੰ ਮਿਲਦਾ ਹੈ, ਬਾਪੂ ਉਹਨੂੰ ਗਲ ਨਾਲ ਕਲਾਵੇ ਵਿਚ ਲੈਂਦਾ ਹੈ, ਭੈਣ ਨੂੰ ਪਿਆਰ ਦੇਂਦਾ ਹੈ, ਮਾਂ ਕੋਲੋਂ ਅਸੀਸ ਲੈਂਦਾ ਹੈ, ਮਾਸਟਰ ਜੀ ਦੇ ਪੈਰੀ ਪੈਂਦਾ ਹੈ ਤੇ ਬਾਹਰ ਵੱਲ ਚਲਦਾ ਹੈ ਭੈਣ ਇਕ ਵਾਰੀ ਫੇਰ ਧਾ ਕੇ ਮਿਲਦੀ ਹੈ।ਹੌਲੇ ਹੌਲ ਬਾਹਰ ਵੱਲ ਜਾਂਦਾ ਹੈ।)*

ਪਿੱਠ ਭੂਮੀ ਤੋਂ ਗੀਤ : ਮਜ਼ਬੂਰ ਹਾਂ ਕਿ ਅੱਜ ਦੀ ਰਾਤ ਮੈਂ ਚੱਲਿਆ
ਇਹਨੂੰ ਆਖਰੀ ਸਲਾਮ ਨਾ ਸਮਝੀਂ।
ਮੁੜਕੇ ਆਵਾਂਗਾ ਇਹਨਾਂ ਬਰੂਹਾਂ ’ਤੇ
ਇਹਨੂੰ ਆਖਰੀ ਸਲਾਮ ਨਾ ਸਮਝੀਂ।

ਸ਼ਗਨਾ ਭਰੀ ਜ਼ਿੰਦਗੀ ਮਹਿਕੇਗੀ ਇਸ ਧਰਤੀ ’ਤੇ
ਇਹ ਮੇਰਾ ਵਿਸ਼ਵਾਸ ਹੈ
ਇਹਨੂੰ ਫੋਕਾ ਬਿਆਨ ਨਾ ਸਮਝੀਂ
ਇਹਨੂੰ ਆਖਰੀ ਸਵਾਲ ਨਾ ਸਮਝੀਂ।

ਆਉਣਗੇ ਝਖੜ ਤੂਫ਼ਾਨ ਬਹੁਤ ਸਾਰੇ
ਫੇਰ ਵੀ ਮੁੜਕੇ ਆਵਾਂਗਾ
ਗੁਲਾਬੀ ਪੱਗ ਬੰਨਕੇ
ਇਹਨੂੰ ਆਖਰੀ ਸਲਾਮ ਨਾ ਸਮਝੀਂ।

*(ਸਮਾਪਤ)*